Downloaded from https:// www.studiestoday.com

# ਸੰਗੀਤ ਗਾਇਨ

## (ਛੇਵੀਂ, ਸੱਤਵੀਂ ਅਤੇ ਅੱਠਵੀਂ ਸ਼੍ਰੇਣੀ ਲਈ)


| | | | |
|---|---|---|---|
| 1. | **ਮਨਪ੍ਰੀਤ ਕੌਰ**<br>(ਲੇਖਕ) | ਸੰਗੀਤ ਮਿਸਟ੍ਰੈਸ<br>ਐਮ. ਏ., ਐਮ ਐਡ<br>ਆਨਰਸ ਇੰਨ ਮਿਊਜ਼ਿਕ | ਸ. ਸ. ਸ. ਸ ਸੈਕਟਰ 37-ਸੀ<br>ਚੰਡੀਗੜ੍ਹ |
| 2. | **ਸ਼ਸ਼ੀ ਅਰਵਿੰਦ**<br>(ਲੇਖਕ ਤੇ ਸੋਧਕ) | ਸੰਗੀਤ ਮਿਸਟ੍ਰੈਸ<br>(ਰਿਟਾਇਡ) ਬੀ.ਏ.ਬੀ.ਐਡ | ਸ. ਸ. ਸ. ਸ 3 ਬੀ-I<br>ਐਸ. ਏ. ਐਸ. ਨਗਰ |
| 3. | **ਰੇਨੂੰ ਭੱਟੀ**<br>(ਅਨੁਵਾਦਕ) | ਪ੍ਰਿੰਸੀਪਲ (ਰਿਟਾਇਡ)<br>ਐਮ. ਏ., ਬੀ. ਐਡ | ਆਦਰਸ਼ ਸ. ਸ. ਸ.<br>ਖਟਕੜ ਕਲਾ<br>ਸ਼ਹੀਦ ਭਗਤ ਸਿੰਘ ਨਗਰ |
| 4. | **ਸ. ਮਨਜੀਤ ਸਿੰਘ** | ਜੂਨੀਅਰ ਆਰਟਿਸਟ | ਪੰਜਾਬ ਸਕੂਲ ਸਿੱਖਿਆ ਬੋਰਡ |
| 5. | **ਚਰਨਪ੍ਰੀਤ ਕੌਰ**<br>(ਵਿਸ਼ਾ ਕੋਆਡੀਨੇਟਰ) | ਲੋਕ : ਸੰਗੀਤ | ਪੰਜਾਬ ਸਕੂਲ ਸਿੱਖਿਆ ਬੋਰਡ |


ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

**ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ**


## ਪੰਜਾਬ ਸਕੂਲ ਸਿੱਖਿਆ ਬੋਰਡ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ**


Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

**ਐਡੀਸ਼ਨ 2012..................7,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲ਼ੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਐਵਰਗਰੀਨ ਪਬਲੀਕੇਸ਼ਨਜ਼ (ਇੰਡੀਆ) ਲਿਮਿਟਿਡ, ਸੀ-52, ਫੋਕਲ ਪੁਆਇੰਟ ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।



Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਦੇ ਸਾਰੇ ਵਿਸ਼ਿਆਂ ਦੇ ਪਾਠ-ਕ੍ਰਮ ਨੂੰ ਸੋਧਣ ਅਤੇ ਇਸ ਸੋਧੇ ਹੋਏ ਪਾਠ-ਕ੍ਰਮ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਸੰਗੀਤ (ਗਾਇਨ) ਵਿਸ਼ੇ ਦਾ ਮਿਡਲ ਸ਼੍ਰੇਣੀ ਦਾ ਪਾਠ-ਕ੍ਰਮ ਕਈ ਸਾਲਾਂ ਤੋਂ ਪੁਰਾਣਾ ਹੀ ਲਾਗੂ ਸੀ ਅਜੋਕੇ ਯੁਗ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਸ ਵਿਸ਼ੇ ਦੇ ਪਾਠ-ਕ੍ਰਮ ਨੂੰ ਸੋਧਣਾ ਜ਼ਰੂਰੀ ਸੀ। ਇਸ ਲਈ ਦਾਖਲਾ ਸਾਲ 2010-11 ਤੋਂ ਖੇਤਰੀ ਵਿਸ਼ਾ ਮਾਹਿਰਾਂ ਦੇ ਸਹਿਯੋਗ ਨਾਲ ਪਾਠ-ਕ੍ਰਮ ਨੂੰ ਸੋਧਿਆ ਗਿਆ। ਸੋਧੇ ਗਏ ਪਾਠ-ਕ੍ਰਮ ਅਨੁਸਾਰ ਸੰਗੀਤ ਵਿਸ਼ੇ ਦੀਆਂ ਨਵੀਆਂ ਪਾਠ-ਪੁਸਤਕਾਂ ਦਾਖਲਾ ਸਾਲ 2012-13 ਲਈ ਤਿਆਰ ਕੀਤੀਆਂ ਗਈਆਂ ਹਨ।

ਹੱਥਲੀ ਪੁਸਤਕ ਛੇਵੀਂ, ਸੱਤਵੀਂ ਅਤੇ ਅੱਠਵੀਂ ਸ਼੍ਰੇਣੀਆਂ ਲਈ ਤਿਆਰ ਕੀਤੀ ਗਈ ਹੈ। ਇਸ ਪੁਸਤਕ ਦੀ ਸਮੱਗਰੀ ਨੂੰ ਸਰਲ, ਰੋਚਕ ਅਤੇ ਸਪੱਸ਼ਟ ਬਣਾਉਣ ਲਈ ਲੋੜੀਂਦੇ ਸਾਜ਼ਾਂ ਅਤੇ ਸੰਗੀਤਕਾਰਾਂ ਦੇ ਚਿੱਤਰ ਦਿੱਤੇ ਗਏ ਹਨ। ਗਾਇਨ ਦੇ ਅਭਿਆਸ ਲਈ ਕਿਰਿਆਤਮਕ ਭਾਗ ਵਿੱਚ ਸੁਰ ਅਭਿਆਸ ਉੱਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਤਾਂ ਜੋ ਵਿਦਿਆਰਥੀ ਸੰਗੀਤ ਨੂੰ ਕਿਰਿਆਤਮਕ ਰੂਪ ਵਿੱਚ ਗ੍ਰਹਿਣ ਕਰ ਸਕਣ।

ਆਸ ਹੈ ਕਿ ਇਹ ਪੁਸਤਕ ਵਿਦਿਆਰਥੀਆਂ ਵਿੱਚ ਸੰਗੀਤ ਪ੍ਰਤੀ ਰੁਚੀ ਪੈਦਾ ਕਰੇਗੀ। ਇਹ ਪੁਸਤਕ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਲਈ ਲਾਹੇਵੰਦ ਸਿੱਧ ਹੋਵੇਗੀ। ਇਸ ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਪ੍ਰਾਪਤ ਹੋਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**



Downloaded from https:// www.studiestoday.com

Downloaded from https:// www.studiestoday.com

# ਵਿਸ਼ਾ ਸੂਚੀ

## ਭਾਗ ਪਹਿਲਾ
## ਛੇਵੀਂ ਸ਼੍ਰੇਣੀ ਲਈ


| ਪਾਠ ਨੰ | ਵਿਸ਼ਾ | ਪੰਨਾ ਨੰ: |
|---|---|---|
| ਪਾਠ 1 | ਸੰਗੀਤ (ਗਾਇਨ, ਵਾਦਨ ਅਤੇ ਨਰਿਤ) | 3 |
| ਪਾਠ 2 | ਅਲੰਕਾਰ | 4 |
| ਪਾਠ 3 | ਆਰੋਹ-ਅਵਰੋਹ | 6 |
| ਪਾਠ 4 | ਲੈਅ | 7 |
| ਪਾਠ 5 | ਸਪਤਕ | 8 |
| ਪਾਠ 6 | ਸਵਰ | 9 |
| ਪਾਠ 7 | ਅਲੰਕਾਰ | 10 |
| ਪਾਠ 8 | ਤਾਲ (ਦਾਦਰਾ ਤੇ ਕਹਿਰਵਾ) | 11 |


## ਭਾਗ ਦੂਜਾ
## ਸੱਤਵੀਂ ਸ਼੍ਰੇਣੀ ਲਈ


| | | |
|---|---|---|
| ਪਾਠ 1 | ਸਵਰ (ਸ਼ੁਧ, ਕੋਮਲ, ਤੀਵਰ) | 14 |
| ਪਾਠ 2 | ਨਾਦ | 16 |
| ਪਾਠ 3 | ਭਾਸ਼ਾਵਾਂ (ਵਾਦੀ, ਸਮਵਾਦੀ, ਅਨੁਵਾਦੀ, ਵਿਵਾਦੀ, ਵਰਜਿਤ ਸੁਰ) | 18 |
| ਪਾਠ 4 | ਰਾਗ, ਰਾਗ ਦੇ ਨਿਯਮ | 20 |
| ਪਾਠ 5 | ਪਕੜ | 22 |




Downloaded from https:// www.studiestoday.com

Downloaded from https:// www.studiestoday.com


| | | |
|---|---|---|
| ਪਾਠ 6 | ਸ਼ਰੁਤੀ | 23 |
| ਪਾਠ 7 | ਪੰ: ਵਿਸ਼ਣੂ ਨਰਾਇਣ ਭਾਤਖੰਡੇ | 24 |
| ਪਾਠ 8 | ਹਰਮੋਨੀਅਮ | 27 |
| ਪਾਠ 9 | ਰਾਗ ਭੂਪਾਲੀ | 29 |
| ਪਾਠ 10 | ਰਾਗ ਦੁਰਗਾ | 32 |
| ਪਾਠ 11 | ਤਾਲਾਂ ਤਿੰਨ ਤਾਲ | 35 |


## ਭਾਗ ਤੀਜਾ

## ਅੱਠਵੀਂ ਸ਼੍ਰੇਣੀ ਲਈ


| | | |
|---|---|---|
| ਪਾਠ 1 | ਜਾਤੀ ਕਿਸ ਨੂੰ ਕਹਿੰਦੇ ਹਨ (ਔੜਵ, ਸ਼ਾੜਵ, ਸੰਪੂਰਨ) ਤੇ ਉਪਜਾਤੀਆਂ | 38 |
| ਪਾਠ 2 | ਪਰਿਭਾਸ਼ਾਵਾਂ | 41 |
| ਪਾਠ 3 | ਗਾਇਕ ਦੇ ਗੁਣ ਅਤੇ ਔਗੁਣ | 44 |
| ਪਾਠ 4 | ਥਾਟ | 47 |
| ਪਾਠ 5 | ਦਲੀਪ ਚੰਦਰ ਬੇਦੀ | 50 |
| ਪਾਠ 6 | ਤਾਨਪੁਰਾ | 53 |
| ਪਾਠ 7 | ਸਵਰ ਲਿਪੀ | 57 |
| ਪਾਠ 8 | ਰਾਗ ਭੈਰਵੀ | 59 |
| ਪਾਠ 9 | ਰਾਗ ਖਮਾਜ | 62 |
| ਪਾਠ 10 | ਤਾਲਾਂ-ਇੱਕ ਤਾਲ ਤੇ ਝਪ ਤਾਲ | 65 |
| ਪਾਠ 11 | ਪਹਾੜੀ ਲੋਕ ਗੀਤ | 67 |
| ਪਾਠ 12 | ਛੇਵੀਂ, ਸਤਵੀਂ ਅਤੇ ਅੱਠਵੀਂ ਦੇ ਪਾਠ-ਕ੍ਰਮ ਦੀਆਂ ਸਭ ਤਾਲਾਂ ਦੀ ਦੁੱਗਣ | 69 |
| ਪਾਠ 13 | ਰਾਗਾਂ ਦਾ ਚਾਰਟ | 71 |
| ਪਾਠ 14 | ਪੰਜਾਬੀ ਲੋਕ ਗੀਤ | 73 |




Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

ਭਾਗ ਪਹਿਲਾ

# ਛੇਵੀਂ ਸ਼੍ਰੇਣੀ ਲਈ

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

## ਪਾਠ 1

# ਸੰਗੀਤ (ਗਾਇਨ, ਵਾਦਨ ਅਤੇ ਨ੍ਰਿਤ)

ਸਵਰ, ਤਾਲ, ਸ਼ੁੱਧ ਉਚਾਰਣ ਹਾਵ-ਭਾਵ ਅਤੇ ਸ਼ੁੱਧ ਮੁਦਰਾ ਦੇ ਨਾਲ ਜਦੋਂ ਗਾਇਆ ਵਜਾਇਆ ਜਾਵੇ ਉਸ ਨੂੰ ਸੰਗੀਤ ਕਹਿੰਦੇ ਹਨ।

ਸੰਗੀਤ ਸ਼ਬਦ, ਗੀਤ ਸ਼ਬਦ ਵਿੱਚ ਉਪਸਰਗ ਲਗਾ ਕੇ ਬਣਿਆ ਹੈ 'ਸੰ' ਦਾ ਅਰਥ ਹੈ ਅੱਛਾ ਅਤੇ ਗੀਤ ਦਾ ਅਰਥ ਹੈ ਗਾਨਾ। ਸੰਗੀਤ ਗਾਇਨ, ਵਾਦਨ ਅਤੇ ਨ੍ਰਿਤ ਦੇ ਮਾਧਿਯਮ ਤੋਂ ਭਾਵ ਪੈਦਾ ਕਰਨ ਵਾਲੀ ਰਚਨਾ ਹੈ। ਇਹਨਾਂ ਤਿੰਨ੍ਹਾਂ ਦੇ ਹੀ ਸਮੂਹ ਨੂੰ ਆਧੁਨਿਕ ਸਮੇਂ ਵਿੱਚ ਸੰਗੀਤ ਕਿਹਾ ਗਿਆ ਹੈ। ਕਈ ਸੰਗੀਤਕਾਰ ਗਾਇਨ ਨੂੰ ਹੀ ਸਰਬਸ਼੍ਰੇਠ ਮੰਨਦੇ ਹਨ। ਪਰੰਤੂ ਅਸਲ ਵਿੱਚ ਅੱਜ ਸੰਗੀਤ ਦੀਆਂ ਤਿੰਨੋ ਕਲਾਵਾਂ ਆਪਣੇ-ਆਪਣੇ ਰੂਪ ਵਿੱਚ ਬਹੁਤ ਵਿਕਸਿਤ ਹੋ ਚੁੱਕੀਆਂ ਹਨ। ਜਿਵੇਂ ਗਾਇਨ ਆਪਣੇ ਸ਼ਾਸਤਰੀ ਰੂਪ, ਸੁਗਮ ਰੂਪ ਅਤੇ ਲੋਕਗੀਤ ਦੇ ਰੂਪ ਵਿੱਚ, ਵਾਦਨ ਆਪਣੇ ਏਕਲ ਰੂਪ, ਵਰਿੰਦਵਾਦਨ ਦੇ ਰੂਪ ਵਿੱਚ, ਨਰਿਤ, ਸ਼ਾਸਤਰੀ ਨ੍ਰਿਤ, ਸੁਗਮਨ੍ਰਿਤ ਅਤੇ ਲੋਕ ਨ੍ਰਿਤ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ।

**ਸੰਗੀਤ ਦੀਆਂ ਹੇਠ ਲਿਖੀਆਂ ਮੁੱਖ ਤਿੰਨ ਕਲਾਵਾਂ ਹਨ :**

**ਗਾਇਨ** : ਜਿਸ ਸੰਗੀਤ ਲੂੰ ਕੰਠ ਰਾਹੀਂ ਸਵਰ, ਲੈਅ ਅਤੇ ਤਾਲ ਦੇ ਨਾਲ ਗਾਇਆ ਜਾਵੇ ਉਸ ਨੂੰ ਗਾਇਨ ਕਹਿੰਦੇ ਹਨ।

**ਵਾਦਨ** : ਜਿਸ ਸੰਗੀਤ ਦੇ ਸਵਰਾਂ, ਲੈਅ ਅਤੇ ਤਾਲ ਦੇ ਨਾਲ ਕਿਸੇ ਸਾਜ ਤੇ ਵਜਾਇਆ ਜਾਵੇ ਉਸ ਨੂੰ ਵਾਦਨ ਕਹਿੰਦੇ ਹਨ।

**ਨਰਿਤ** : ਜਦੋਂ ਆਪਣੇ ਆਤਮਿਕ ਭਾਵਾਂ ਨੂੰ ਤਾਲ ਬੱਧ ਢੰਗ ਨਾਲ ਸਰੀਰਿਕ ਮੁਦ੍ਰਾਵਾਂ ਦੇ ਨਾਲ ਪ੍ਰਗਟ ਕੀਤਾ ਜਾਵੇ ਉਸ ਨੂੰ ਨ੍ਰਿਤ ਕਹਿੰਦੇ ਹਨ।

ਗਾਇਨ, ਵਾਦਨ ਅਤੇ ਨ੍ਰਿਤ ਦਾ ਸਵਤੰਤਰ ਸਥਾਨ ਹੋਣ ਦੇ ਬਾਵਜੂਦ ਇਹ ਤਿੰਨੋਂ ਕਲਾਵਾਂ ਦਾ ਆਪਸ ਵਿੱਚ ਬਹੁਤ ਘਨਿਸ਼ਠ (ਗਹਿਰਾ) ਸਬੰਧ ਹੈ ਅਤੇ ਇਹ ਤਿੰਨੋਂ ਇੱਕ ਦੂਜੇ ਦੇ ਆਸ਼ਰਿਤ ਹਨ।



Downloaded from https:// www.studiestoday.com

Downloaded from https:// www.studiestoday.com

## ਪਾਠ 2

# ਅਲੰਕਾਰ

ਜਦ ਸਵਰਾਂ ਨੂੰ ਕਿਸੇ ਖਾਸ ਕ੍ਰਮ ਵਿੱਚ ਰੱਖਦੇ ਹੋਏ ਆਰੋਹ, ਅਵਰੋਹ ਦੇ ਰੂਪ ਵਿੱਚ ਗਾਇਆ ਵਜਾਇਆ ਜਾਵੇ ਉਸ ਰਚਨਾ ਨੂੰ ਅਲੰਕਾਰ ਕਹਿੰਦੇ ਹਨ। ਕਈ ਵਿਦਵਾਨ ਅਲੰਕਾਰਾਂ ਨੂੰ ਪਲਟਾ ਵੀ ਕਹਿੰਦੇ ਹਨ। ਅਲੰਕਾਰ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਆਭੂਸ਼ਣ ਜਾਂ ਗਹਿਣਾ। ਜਿਸ ਤਰ੍ਹਾਂ ਸਰੀਰ ਨੂੰ ਸਜਾਉਮ ਲਈ ਭਿੰਨ-ਭਿੰਨ ਪ੍ਰਕਾਰ ਦੇ ਅਭੂਸ਼ਣਾ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਸੰਗੀਤ ਨੂੰ ਸਜਾਉਣ ਲਈ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸੁਰਾਂ ਦੇ ਛੋਟੇ-ਛੋਟੇ ਸਮੂਹਾਂ ਨੂੰ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ। ਅਲੰਕਾਰਾਂ ਦੀ ਰਚਨਾ ਵਿੱਚ ਸੁਰਾਂ ਦੀ ਸੰਖਿਆ ਲਈ ਕੋਈ ਨਿਯਮ ਨਹੀ ਹੈ। ਅਲੰਕਾਰਾਂ ਦੀ ਰਚਨਾ ਵਿੱਚ ਸੁਰਾਂ ਦੀ ਸੰਖਿਆ ਤੇ ਕ੍ਰਮ ਆਪਣੀ ਮਰਜੀ ਅਨੁਸਾਰ ਨਿਯਮਬੱਧ ਰੱਖਿਆ ਜਾਂਦਾ ਹੈ। ਤਾਨਾਂ ਵੀ ਅਲੰਕਾਰ ਦੇ ਅਧਾਰ ਤੇ ਬਣਦੀਆਂ ਹਨ। ਜਿਵੇਂ ਸਾ ਰੇ ਗਾ ਰੇ ਸਾ ઽ ਰੇ ਗਾ ਮਾ ਗਾ ਰੇ ઽ ਅਲੰਕਾਰਾਂ ਨੂੰ ਜੇਕਰ ਅਕਾਰ ਨਾਲ ਗਾਇਆ ਜਾਵੇ ਅਤੇ ਨਾਲ ਹੀ ਤਾਲ ਵੀ ਦਿੱਤੀ ਜਾਵੇ ਤਾਂ ਗਲਾ ਅਤੇ ਲੈਅ ਦੋਵੇਂ ਤਿਆਰ ਹੋ ਜਾਂਦੇ ਹਨ।

**ਅਲੰਕਾਰਾਂ ਦੇ ਲਾਭ :-**

1. ਅਲੰਕਾਰਾਂ ਦੇ ਅਭਿਆਸ ਨਾਲ ਸਵਰ ਗਿਆਨ ਵਧਦਾ ਹੈ ਅਤੇ ਲੈਅ ਦੀ ਸਹੀ ਜਾਣਕਾਰੀ ਮਿਲਦੀ ਹੈ।
2. ਅਲੰਕਾਰਾਂ ਦੇ ਅਭਿਆਸ ਨਾਲ ਕਲਪਨਾ ਸ਼ਕਤੀ ਦਾ ਵਿਕਾਸ ਹੁੰਦਾ ਹੈ।
3. ਅਲੰਕਾਰਾਂ ਦੇ ਅਭਿਆਸ ਨਾਲ ਗਲਾ ਚੰਗੀ ਤਰ੍ਹਾਂ ਤਿਆਰ ਹੋ ਜਾਂਦਾ ਹੈ ਅਤੇ ਗਾਉਣ ਵਿੱਚ ਮਿਠਾਸ ਪੈਦਾ ਹੋ ਜਾਂਦੀ ਹੈ।



Downloaded from https:// www.studiestoday.com

Downloaded from https:// www.studiestoday.com

4. ਅਲੰਕਾਰਾਂ ਦਾ ਸਾਜਾਂ ਤੇ ਅਭਿਆਸ ਕਰਨ ਨਾਲ ਮਾਸਪੇਸ਼ਿਆਂ ਨੂੰ ਲੰਬੇ ਸਮੇਂ ਤੱਕ ਕੰਮ ਕਰਨ ਦੀ ਸ਼ਕਤੀ ਮਿਲਦੀ ਹੈ।
5. ਅਲੰਕਾਰਾਂ ਦੇ ਅਭਿਆਸ ਕਰਨ ਨਾਲ ਰਾਗਾਂ ਦੀਆਂ ਤਾਨਾਂ ਅਤੇ ਅਲਾਪ ਦੀ ਰਚਨਾ ਕਰਨ ਵਿੱਚ ਸਹਾਵਿਤਾ ਮਿਲਦੀ ਹੈ।
6. ਅਲੰਕਾਰਾਂ ਦੇ ਅਭਿਆਸ ਤੋਂ ਬਾਅਦ ਵਿਦਿਆਰਥੀ ਖੁਦ ਅਲੰਕਾਰ ਬਣਾ ਸਕਦਾ ਹੈ।

******



Downloaded from https:// www.studiestoday.com

Downloaded from https:// www.studiestoday.com

## ਪਾਠ 3

# ਆਰੋਹ-ਅਵਰੋਹ

**ਆਰੋਹ** : ਆਰੋਹ ਦਾ ਅਰਥ ਹੈ ਚੜ੍ਹਦਾ ਕ੍ਰਮ, ਅਰਥਾਤ ਜਦੋਂ ਅਸੀਂ ਮੱਧ ਸਪਤਕ ਦੇ ਸਾ ਤੋਂ ਤਾਰ ਸਪਤਕ ਦੇ ਸਂ ਤੱਕ ਚੜ੍ਹਦਾ ਕ੍ਰਮ ਕਰਦੇ ਹਾਂ ਉਸ ਨੂੰ ਆਰੋਹ ਕਹਿੰਦੇ ਹਨ ਜਿਵੇਂ ਸਾ, ਰੇ, ਗ, ਮ, ਪ, ਧ, ਨੀ, ਸਾਂ। ਇਸ ਵਿੱਚ ਚੜ੍ਹਦਾ ਕ੍ਰਮ ਹੋਣ ਕਾਰਣ ਸਵਰਾਂ ਦੀ ਆਵਾਜ਼ ਕ੍ਰਮਿਕ ਉੱਚੀ ਹੁੰਦੀ ਜਾਂਦੀ ਹੈ। ਜਿਵੇਂ- ਸਾ ਰੇ ਗ ਮ ਪ ਧ ਨੀ ਸਾਂ।

**ਅਵਰੋਹ** : ਅਵਰੋਹ ਦਾ ਅਰਥ ਹੈ ਉਤਰਦਾ ਕ੍ਰਮ ਜਦੋਂ ਤਾਰ ਸਪਤਕ ਦੇ ਸਾਂ ਤੋਂ ਮੱਧ ਸਪਤਕ ਦੇ ਸਾ ਤੱਕ ਜਾਣ ਨੂੰ ਅਵਰੋਹ ਕਹਿੰਦੇ ਹਨ ਜਿਵੇਂ ਸਾਂ ਨੀ ਧ ਪ ਮ ਗ ਰੇ ਸਾ। ਇਸ ਵਿੱਚ ਉਤਰਦੇ ਕ੍ਰਮ ਹੋਣ ਕਾਰਣ ਆਵਾਜ਼ ਕ੍ਰਮਿਕ ਨੀਵੀਂ ਹੁੰਦੀ ਜਾਂਦੀ ਹੈ। ਜਿਵੇਂ- ਸਾਂ ਨੀ ਧ ਪ ਮ ਗ ਰੇ ਸਾ।

ਗਾਇਕ ਜਾਂ ਵਾਦਕ ਗਾਉਂਦੇ ਜਾਂ ਵਜਾਉਂਦੇ ਸਮੇਂ ਕਿਸੇ ਵਿਸ਼ੇਸ਼ ਸਵਰ ਤੋਂ ਠਹਿਰਦੇ ਉਪਰ ਨੀਚੇ ਚੜ੍ਹਦੇ ਉਤਰਦੇ ਰਹਿੰਦੇ ਹਨ। ਇਸ ਨੂੰ ਸੰਗੀਤ ਦੀ ਭਾਸ਼ਾ ਵਿੱਚ ਆਰੋਹ, ਅਵਰੋਹ ਕਹਿੰਦੇ ਹਨ।

* * * * * *



Downloaded from https:// www.studiestoday.com

Downloaded from https:// www.studiestoday.com

# ਪਾਠ 4
# ਲੈਅ

ਲੈਅ ਸ਼ਬਦ ਦੀ ਉਤਪੱਤੀ 'ਲੀ' ਧਾਤੂ ਤੋਂ ਪੈਦਾ ਹੋਈ ਹੈ ਜਿਸ ਦਾ ਅਰਥ ਹੈ 'ਲਗਾਤਾਰ ਚਲਨਾ', ਜਾਂ ਇਸ ਨੂੰ ਹੋਰ ਵੀ ਅਸਾਨ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ, ਸਮੇਂ ਦੀ ਬਰਾਬਰ ਚਾਲ ਨੂੰ ਲੈਅ ਕਹਿੰਦੇ ਹਨ। ਇਹ ਲੈਅ ਹੀ ਸਾਰੇ ਸੰਗੀਤ ਦਾ ਆਧਾਰ ਹੈ।

**ਲੈਅ ਤਿੰਨ ਤਰ੍ਹਾਂ ਦੀ ਮੰਨੀ ਜਾਂਦੀ ਹੈ** :-

1. ਵਿਲੰਬਿਤ ਲੈਅ
2. ਮੱਧ ਲੈਅ
3. ਦਰੁਤ ਲੈਅ

**1. ਵਿੰਲਬਿਤ ਲੈਅ** : ਜਿਸ ਲੈਅ ਦੀ ਗਤੀ ਬਹੁਤ ਧੀਮੀ ਹੁੰਦੀ ਹੈ ਅਰਥਾਤ ਸਧਾਰਣ ਗਤੀ ਤੋਂ ਦੁਗਨੀ ਨੀਵੀਂ ਹੁੰਦੀ ਹੈ ਉਸ ਨੂੰ ਵਿਲੰਬਿਤ ਲੈਅ ਕਹਿੰਦੇ ਹਨ।

**2. ਮੱਧ ਲੈਅ** : ਜਿਹੜੀ ਲੈਅ ਨਾ ਜਿਆਦਾ ਤੇਜ਼ ਅਤੇ ਨਾ ਹੀ ਬਹੁਤ ਧੀਮੀ ਹੋਵੇ ਅਰਥਾਤ ਸਧਾਰਣ ਹੋਵੇ ਉਸ ਨੂੰ ਮੱਧ ਲੈਅ ਕਹਿੰਦੇ ਹਨ।

**3. ਦਰੁਤ ਲੈਅ** : ਮੱਧ ਲੈਅ ਤੋਂ ਦੁਗਣੀ ਤੇਜ ਅਤੇ ਵਿਲੰਬਿਤ ਲੈਅ ਤੋਂ ਚੌਗੁਣੀ ਲੈਅ ਨੂੰ ਦਰੁਤ ਲੈਅ ਕਹਿੰਦੇ ਹਨ। ਇਸ ਲੈਅ ਨਾਲ ਸੰਗੀਤ ਵਿੱਚ ਥਿਰਕਨ ਆ ਜਾਂਦੀ ਹੈ।

******



Downloaded from https:// www.studiestoday.com

Downloaded from https:// www.studiestoday.com

## ਪਾਠ 5

# ਸਪਤਕ

ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸਤ ਸਵਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ। ਇਹ ਸਵਰ ਹਨ : ਸ ਰੇ ਗ ਮ ਪ ਧ ਨੀ।

ਆਵਾਜ ਜਾਂ ਧਵਨੀ ਕਈ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਕੋਈ ਆਵਾਜ਼ ਭਾਰੀ ਅਤੇ ਮੋਟੀ ਹੁੰਦੀ ਹੈ ਅਤੇ ਕੋਈ ਬਹੁਤ ਪਤਲੀ ਅਤੇ ਬਰੀਕ ਹੁੰਦੀ ਹੈ। ਧਵਨੀ ਦੇ ਇਸ ਅੰਤਰ ਨੂੰ ਦੇਖਦੇ ਹੋਏ ਸੰਗੀਤ ਵਿਦਵਾਨ ਸਪਤਕ ਦੇ ਮੁੱਖ ਤਿੰਨ ਪ੍ਰਕਾਰ ਮੰਨਦੇ ਹਨ :

1. **ਮੰਦਰ ਸਪਤਕ** : ਜਿਹੜੀ ਆਵਾਜ ਜ਼ਿਆਦਾ ਨੀਵੀਂ ਅਤੇ ਭਾਰੀ ਹੋਵੇ ਉਸ ਨੂੰ ਮੰਦਰ ਸਪਤਕ ਦੀ ਆਵਾਜ਼ ਕਹਿੰਦੇ ਹਨ। ਇਹਨਾਂ ਸਵਰਾਂ ਦੀ ਪਹਿਚਾਨ ਲਈ ਸਵਰਲਿਪੀ ਪੱਦਤੀ ਅਨੁਸਾਰ ਸਵਰਾਂ ਦੇ ਨੀਚੇ ਬਿੰਦੂ ਚਿੰਨ੍ਹ ਲਗਾਇਆ ਜਾਂਦਾ ਹੈ। ਜਿਵੇਂ .ਰੇ .ਗ .ਮ।

2. **ਮੱਧ ਸਪਤਕ** : ਇਸ ਸਪਤਕ ਦੀ ਆਵਾਜ਼ ਨਾ ਜਿਆਦਾ ਨੀਵੀਂ ਅਤੇ ਨਾਂ ਹੀ ਜਿਆਦਾ ਉੱਚੀ ਹੁੰਦੀ ਹੈ ਅਰਥਾਤ ਸਧਾਰਣ ਹੁੰਦੀ ਹੈ। ਇਸ ਸਪਤਕ ਦੇ ਸਵਰਾਂ ਦੀ ਪਹਿਚਾਨ ਲਈ ਇਹਨਾਂ ਤੇ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ ਜਿਵੇਂ ਰੇ, ਗ, ਮ।

3. **ਤਾਰ ਸਪਤਕ** : ਜਿਹੜੀ ਆਵਾਜ਼ ਜ਼ਿਆਦਾ ਉੱਚੀ ਅਤੇ ਤਿੱਖੀ ਹੁੰਦੀ ਹੈ ਉਹ ਤਾਰ ਸਪਤਕ ਦੀ ਆਵਾਜ਼ ਕਹਿਲਾਉਂਦੀ ਹੈ। ਇਹ ਮੱਧ ਸਪਤਕ ਦੀ ਆਵਾਜ਼ ਤੋਂ ਦੁਗਨੀ ਉੱਚੀ ਹੁੰਦੀ ਹੈ। ਇਹਨਾਂ ਸਵਰਾਂ ਦੀ ਪਹਿਚਾਨ ਦੇ ਲਈ ਸਵਰ ਲਿਪੀ ਪਦਵੀ ਅਨੁਸਾਰ ਸਵਰਾਂ ਦੇ ਉਪੱਰ ਬਿੰਦੂ ਚਿੰਨ੍ਹ ਲਗਾਇਆ ਜਾਂਦਾ ਹੈ ਜਿਵੇਂ ਰੇਂ ਗਂ ਮਂ।

* * * * * *



Downloaded from https:// www.studiestoday.com

Downloaded from https:// www.studiestoday.com

# ਪਾਠ 6

# ਸਵਰ

**ਸਵਰ ਦੀ ਪਰਿਭਾਸ਼ਾ :** ਉਹ ਸੰਗੀਤ ਉਪਯੋਗੀ ਆਵਾਜ਼ ਜਿਹੜੀ ਸਪਸ਼ਟ ਅਤੇ ਆਪਣੇ ਆਪ ਵਿੱਚ ਮਿੱਠੀ ਹੋਏ ਅਤੇ ਸੁਨਣ ਵਾਲਿਆਂ ਦੇ ਮਨ ਨੂੰ ਆਕਰਸ਼ਿਤ ਕਰੇ ਉਸ ਨੂੰ ਸਵਰ ਕਹਿੰਦੇ ਹਨ।

**ਸ਼ੁੱਧ ਸਵਰ :** ਉਹ ਸਵਰ ਜਿਹੜੇ ਆਪਣੇ ਨਿਸ਼ਚਿਤ ਸਥਾਨ ਤੇ ਰਹਿੰਦੇ ਹੋਣ ਉਹਨਾਂ ਨੂੰ ਸ਼ੁੱਧ ਸਵਰ ਕਹਿੰਦੇ ਹਨ। ਇਹਨਾਂ ਦੇ ਨਾਂ ਇਸ ਤਰ੍ਹਾਂ ਹਨ :

| ਲੜੀ ਨੰ: | ਸਵਰਾਂ ਦੇ ਨਾਂ | ਉੱਚਾਰਣ ਵਿੱਚ ਸਵਰਾਂ ਦੇ ਨਾਂ |
|---|---|---|
| 1 | ਸ਼ੜਜ | ਸ |
| 2 | ਰਿਸ਼ਭ | ਰੇ |
| 3 | ਗੰਧਾਰ | ਗ |
| 4 | ਮੱਧਮ | ਮ |
| 5 | ਪੰਚਮ | ਪ |
| 6 | ਧੈਵਤ | ਧ |
| 7 | ਨਿਸ਼ਾਦ | ਨੀ |

ਇਹਨਾਂ ਸਵਰਾਂ ਦੀ ਪਹਿਚਾਨ ਲਈ ਸਵਰਾਂ ਤੇ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ। ਇਹਨਾਂ ਨੂੰ ਪ੍ਰਾਕ੍ਰਿਤਿਕ ਸਵਰ ਵੀ ਕਹਿੰਦੇ ਹਨ।

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ 7

# ਅਲੰਕਾਰ

1

| | | | | | | | | | |
|---|---|---|---|---|---|---|---|---|---|
| **ਆਰੋਹ** | : | ਸ | ਰੇ | ਗ | ਮ | ਪ | ਧ | ਨੀ | ਸਂ |
| **ਅਵਰੋਹ** | : | ਸਂ | ਨੀ | ਧ | ਪ | ਮ | ਗ | ਰੇ | ਸ |

2

| | | | | | | | | | |
|---|---|---|---|---|---|---|---|---|---|
| **ਆਰੋਹ** | : | ਸਸ | ਰੇਰੇ | ਗਗ | ਮਮ | ਪਪ | ਧਧ | ਨੀਨੀ | ਸਂਸਂ |
| **ਅਵਰੋਹ** | : | ਸਂਸਂ | ਨੀਨੀ | ਧਧ | ਪਪ | ਮਮ | ਗਗ | ਰੇਰੇ | ਸਸ |

3

| | | | | | | | |
|---|---|---|---|---|---|---|---|
| **ਆਰੋਹ** | : | ਸਰੇਗ | ਰੇਗਮ | ਗਮਪ | ਮਪਧ | ਪਧਨੀ | ਧਨੀਸਂ |
| **ਅਵਰੋਹ** | : | ਸਂਨੀਧ | ਨੀਧਪ | ਧਪਮ | ਪਮਗ | ਮਗਰੇ | ਗਰੇਸ |

4

| | | | | | | |
|---|---|---|---|---|---|---|
| **ਆਰੋਹ** | : | ਸਰੇਗਮ | ਰੇਗਮਪ | ਗਮਪਧ | ਮਪਧਨੀ | ਪਧਨੀਸਂ |
| **ਅਵਰੋਹ** | : | ਸਂਨੀਧਪ | ਨੀਧਪਮ | ਧਪਮਗ | ਪਮਗਰੇ | ਮਗਰੇਸ |

5

| | | | | | | | |
|---|---|---|---|---|---|---|---|
| **ਆਰੋਹ** | : | ਸਰੇਸਰੇਗ | ਰੇਗਰੇਗਮ | ਗਮਗਮਪ | ਮਪਮਪਧ | ਪਧਪਧਨੀ | ਧਨੀਧਨੀਸਂ |
| **ਅਵਰੋਹ** | : | ਸਂਨੀਸਂਨੀਧ | ਨੀਧਨੀਧਪ | ਧਪਧਪਮ | ਪਮਪਮਗ | ਮਗਮਗਰੇ | ਗਰੇਗਰੇਸ |

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ 8

# ਤਾਲ (ਦਾਦਰਾ ਤੇ ਕਹਿਰਵਾ)

### ਤਾਲ ਕਹਿਰਵਾ

**ਕਹਿਰਵਾ\ਤਾਲ ਦਾ ਪਰਿਚੈ** : ਤਾਲ ਕਹਿਰਵਾ 8 ਮਾਤਰਾਂ ਦਾ ਤਾਲ ਹੈ। ਇਸ ਦੇ ਚਾਰ-ਚਾਰ ਮਾਤਰਾਂ ਦੇ ਦੋ ਵਿਭਾਗ ਹੁੰਦੇ ਹਨ। ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤੇ ਤਾਲੀ ਅਤੇ ਪੰਜਵੀਂ ਮਾਤਰਾ ਖਾਲੀ ਮੰਨਦੇ ਹਾਂ। ਇਸ ਤਾਲ ਦਾ ਪ੍ਰਯੋਗ ਸੁਗਮ ਤੇ ਸਰਲ ਸੰਗੀਤ ਅਰਥਾਤ ਸ਼ਬਦ, ਭਜਨ, ਗਜ਼ਲ, ਲੋਕਗੀਤ ਆਦਿ ਨਾਲ ਵਧੇਰੇ ਕੀਤਾ ਜਾਂਦਾ ਹੈ :

| ਮੱਧ ਲੈਅ | ਤਾਲ ਕਹਿਰਵਾ | ਇੱਕ ਗੁਣ |
|---|---|---|
| ਮਾਤਰਾ | 1 2 3 4 | 5 6 7 8 |
| ਤਾਲ ਦੇ ਬੋਲ | ਧਾ ਗੇ ਨਾ ਤੀ | ਨਾ ਕੇ ਧਿੰ ਨਾ |
| ਚਿੰਨ੍ਹ | X | O |

### ਤਾਲ ਦਾਦਰਾ

**ਦਾਦਰਾ ਤਾਲ ਦਾ ਪਰਿਚੈ** : ਦਾਦਰਾ ਤਾਲ 6 ਮਾਤਰਾਂ ਦੀ ਤਾਲ ਹੈ। ਇਸ ਤਾਲ ਦੇ ਤਿੰਨ-ਤਿੰਨ ਮਾਤਰਾ ਦੇ ਦੋ ਵਿਭਾਗ ਹੁੰਦੇ ਹਨ। ਪਹਿਲੀ ਮਾਤਰਾ ਦੇ ਸਮ ਜਾਂ ਪਹਿਲੀ ਤਾਲੀ ਅਤੇ ਚੌਥੀ ਮਾਤਰਾ ਖਾਲੀ ਮੰਨਦੇ ਹਾਂ।



Downloaded from https:// www.studiestoday.com

Downloaded from https:// www.studiestoday.com

ਇਹ ਤਾਲ ਹਲਕੀਆਂ ਫੁਲਕੀਆਂ ਗਤਾਂ ਤੇ ਧੁਨਾਂ ਆਦਿ ਦੇ ਨਾਲ ਵਜਾਈ ਜਾਂਦੀ ਹੈ।

| ਮੱਧ ਲੈਅ | ਤਾਲ ਦਾਦਰਾ | ਇੱਕ ਗੁਣ |
|---|---|---|
| ਮਾਤਰਾ | 1 2 3 | 4 5 6 |
| ਤਾਲ ਦੇ ਬੋਲ | ਧਾ ਧਿੰ ਨਾ | ਧਾ ਤਿੰ ਨਾ |
| ਚਿੰਨ੍ਹ | X | O |

* * * * * *



Downloaded from https:// www.studiestoday.com

Downloaded from https:// www.studiestoday.com

## ਭਾਗ ਦੂਜਾ

# ਸੱਤਵੀਂ ਸ਼੍ਰੇਣੀ ਲਈ

Downloaded from https:// www.studiestoday.com

Downloaded from https:// www.studiestoday.com

# ਸੱਤਵੀ ਸ਼੍ਰੇਣੀ

## ਪਾਠ-1

# ਸਵਰ (ਸ਼ੁਧ, ਕੋਮਲ, ਤੀਵਰ)

ਉਹ ਸੰਗੀਤ ਉਪਯੋਗੀ ਆਵਾਜ਼ ਜਿਹੜੀ ਸਪਸ਼ਟ ਅਤੇ ਆਪਣੇ ਆਪ ਵਿੱਚ ਮਿੱਠੀ ਹੋਵੇ ਅਤੇ ਸੁਨਣ ਵਾਲਿਆਂ ਦੇ ਮਨ੍ਹਾਂ ਨੂੰ ਆਕਰਸ਼ਿਤ ਕਰੇ ਉਸ ਨੂੰ ਸਵਰ ਕਹਿੰਦੇ ਹਨ।

**ਸਵਰ ਦੋ ਤਰ੍ਹਾਂ ਦੇ ਹੁੰਦੇ ਹਨ :**

1. ਅਚਲ ਸਵਰ
2. ਚਲ ਸਵਰ

**1. ਅਚਲ ਸਵਰ** : ਜਿਹੜਾ ਸਵਰ ਆਪਣੀ ਨਿਸ਼ਚਿਤ ਜਗ੍ਹਾ ਤੇ ਸਥਿਰ ਰਹਿੰਦੇ ਹਨ ਉਹਨਾਂ ਨੂੰ ਅਚਲ ਸਵਰ ਕਹਿੰਦੇ ਹਨ। ਇਹ ਦੋਂ ਹਨ ਸ ਅਤੇ ਪ।

**2. ਚਲ ਸਵਰ** : ਸ, ਪ ਨੂੰ ਛੱਡ ਕੇ ਬਾਕੀ ਦੇ ਸਵਰ ਜਿਹੜੀ ਆਪਣੀ ਜਗ੍ਹਾ ਤੋਂ ਉਪਰ ਜਾਂ ਨੀਚੇ ਵੱਲ ਹੋ ਜਾਣ ਉਹਨਾਂ ਨੂੰ ਚਲ ਸਵਰ ਕਹਿੰਦੇ ਹਨ। ਇਹ ਗਿਣਤੀ ਵਿੱਚ 5 ਹਨ : ਰੇ, ਗੁ, ਮੰ, ਧੁ, ਨੀ।

**ਸ਼ੁਧ ਸਵਰ** : ਚਲ ਅਤੇ ਅਚਲ ਸਵਰਾਂ ਦੇ ਅਪਣੇ ਸ਼ੁਧ ਰੂਪ ਨੂੰ ਸ਼ੁਧ ਸਵਰ ਕਹਿੰਦੇ ਹਨ। ਇਹ ਗਿਣਤੀ ਵਿੱਚ ਸੱਤ ਹਨ : ਸਾ ਰੇ ਗ ਮ ਪ ਧ ਨੀ। ਸ਼ੁਧ ਸਵਰਾਂ ਦੀ ਪਹਿਚਾਨ ਲਈ ਇਹਨਾਂ ਸਵਰਾਂ ਤੇਂ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ। ਇਹ ਹਮੇਸ਼ਾ ਆਪਣੇ ਸਥਾਨ ਤੇ ਨਿਸ਼ਚਿਤ ਰਹਿੰਦੇ ਹਨ। ਇਹਨਾਂ ਨੂੰ ਪ੍ਰਕ੍ਰਿਤਿਕ ਸਵਰ ਵੀ ਕਿਹਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

**ਕੋਮਲ ਸਵਰ** : ਜਦੋਂ ਸ਼ੁਧ ਸਵਰਾਂ ਨੂੰ ਨਿਯਤ ਸਥਾਨ ਤੋਂ ਥੋੜ੍ਹਾ ਨੀਵਾਂ ਕੀਤਾ ਜਾਂਦਾ ਹੈ ਉਹਨਾਂ ਨੂੰ ਕੋਮਲ ਸਵਰ ਕਹਿੰਦੇ ਹਨ। ਇਹ ਸਿਰਫ ਚਾਰ ਹਨ : ਰੇ ਗ ਧ ਨੀ। ਸਵਰ ਲਿਪੀ ਵਿੱਚ ਇਹਨਾਂ ਦੀ ਪਹਿਚਾਨ ਲਈ ਸਵਰਾਂ ਦੇ ਥਲੇ ਇਕ ਛੋਟੀ-ਛੋਟੀ ਰੇਖਾ ਲਗਾਈ ਜਾਂਦੀ ਹੈ ਜਿਹੜੀ ਕੋਮਲ ਸਵਰਾਂ ਨੂੰ ਸੂਚਿਤ ਕਰਦੀ ਹੈ ਜਿਵੇਂ- ਰੇ਼ ਗ਼ ਧ਼ ਨੀ਼।

**ਤੀਵਰ ਸਵਰ** : ਜਦੋਂ ਸ਼ੁਧ ਮ ਦੀ ਆਵਾਜ਼ ਨੂੰ ਉਸਦੇ ਨੀਯਤ ਸਥਾਨ ਤੋਂ ਥੋੜ੍ਹਾ ਉੱਚਾ ਕੀਤਾ ਜਾਵੇ ਉਸਨੂੰ ਤੀਵਰ ਸਵਰ ਕਹਿੰਦੇ ਹਨ। ਸਵਰ ਲਿਪੀ ਵਿੱਚ ਇਹਨਾਂ ਦੀ ਪਹਿਚਾਨ ਲਈ ਸਵਰ ਦੇ ਉਪਰ ਇੱਕ ਖੜੀ ਰੇਖਾ ਲਗਾਈ ਜਾਂਦੀ ਹੈ ਜਿਵੇਂ ਮ'।

ਇਸ ਤਰ੍ਹਾਂ ਸ਼ੁਧ ਸਵਰ, ਕੋਮਲ ਸਵਰ ਅਤੇ ਤੀਵਰ ਸਵਰ ਮਿਲ ਕੇ ਕੁਲ 12 ਸਵਰ ਬਣਦੇ ਹਨ ਜਿਵੇਂ

ਸ, ਰੇ਼, ਰੇ, ਗ਼, ਗ, ਮ, ਮ', ਪ, ਧ਼, ਧ, ਨੀ਼, ਨੀ

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-2

# ਨਾਦ

ਸਥਿਰ ਅੰਦੋਲਨ ਸੰਖਿਆ ਵਾਲੀ ਮਧੁਰ ਧਵਨੀ ਜਿਸ ਦਾ ਪ੍ਰਯੋਗ ਸੰਗੀਤ ਵਿੱਚ ਕੀਤਾ ਜਾਵੇ ਉਸ ਨੂੰ ਨਾਦ ਕਹਿੰਦੇ ਹਨ। ਨਾਦ ਦਾ ਅਰਥ ਹੈ ਆਵਾਜ਼ ।

**ਨਾਦ ਦੇ ਦੋ ਰੂਪ ਮੰਨੇ ਜਾਂਦੇ ਹਨ :**

1. ਅਨਾਹਤ ਨਾਦ
2. ਆਹਤ ਨਾਦ

**ਅਨਾਹਤ ਨਾਦ** : ਜਿਹੜੀ ਆਵਾਜ਼ ਬਿਨਾਂ ਕਿਸੇ ਅਘਾਤ ਜਾਂ ਚੋਟ ਤੋਂ ਪੈਦਾ ਹੋਵੇ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ। ਜਿਵੇਂ- ਜੇਕਰ ਅਸੀਂ ਆਪਣੀਆਂ ਉਗੰਲਿਆਂ ਨੂੰ ਕੰਨਾਂ ਵਿੱਚ ਪਾਈਏ ਅਤੇ ਜਿਹੜੀ ਸਾਂ-ਸਾਂ ਜਾਂ ਸਨਸਨਾਹਟ ਸੁਣਾਈ ਦਿੰਦੀ ਹੈ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ। ਇਹ ਧਵਨੀ ਸੰਗੀਤ ਉਪਯੋਗੀ ਨਹੀਂ ਹੈ ਇਹ ਸਿਰਫ ਯੋਗ ਸਾਧਨਾ ਦੇ ਲਈ ਹੀ ਹੈ।

**ਆਹਤ ਨਾਦ** : ਆਹਤ ਸ਼ਬਦ ਦਾ ਅਰਥ ਹੈ ਚੋਟ। ਜਿਹੜੀ ਆਵਾਜ਼ ਕਿਸੀ ਸੱਟ (ਚੋਟ), ਰਗੜ, ਸਪਰਸ਼ ਆਦਿ ਤੋਂ ਪੈਦਾ ਹੋਵੇ, ਉਸ ਨੂੰ ਆਹਤ ਨਾਦ ਕਹਿੰਦੇ ਹਨ। ਇਸ ਨੂੰ ਸੰਗੀਤ ਉਪਯੋਗੀ ਧਵਨੀ ਕਿਹਾ ਜਾ ਸਕਦਾ ਹੈ।

**ਇਸ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਜਾ ਸਕਦਾ ਹੈ :-**

1. ਜਦੋਂ ਕਿਸੀ ਵਸਤੂ ਨੂੰ ਕਿਸੀ ਦੂਜੀ ਵਸਤੂ ਨਾਲ ਆਘਾਤ ਜਾਂ ਚੋਟ ਕੀਤੀ ਜਾਵੇ ਜਿਵੇਂ ਤਬਲਾ, ਢੋਲਕ, ਨਗਾੜਾ ਆਦਿ ਹੱਥ ਆਦਿ ਦੀ ਚੋਟ ਤੋਂ ਜਿਹੜੀ ਆਵਾਜ਼ ਪੈਦਾ ਹੋਵੇ ਉਸ ਨੂੰ ਆਹਤ ਨਾਦ ਕਹਿੰਦੇ ਹਨ।



Downloaded from https:// www.studiestoday.com

Downloaded from https:// www.studiestoday.com

2. ਜਦੋਂ ਕਿਸੀ ਸੰਘਰਸ ਜਾਂ ਰਗੜ ਨਾਲ ਜਿਹੜੀ ਆਵਾਜ਼ ਨਿਕਲੇ ਜਿਵੇਂ ਵਾਇਲਨ, ਸਾਂਰੰਗੀ ਆਦਿ ਸਾਜ ਨਾਲ ਸਿਤਾਰ ਤੇ ਮਿਜਰਾਵ ਨਾਲ, ਉਸ ਨੂੰ ਆਹਤ ਨਾਦ ਕਹਿੰਦੇ ਹਨ।

3 ਜਦੋਂ ਕਿਸੇ ਵਸਤੂ ਵਿੱਚ ਹਵਾ ਪ੍ਰਵੇਸ਼ ਕਰਦੀ ਹੈ ਜਾਂ ਸਪਰਸ਼ ਕਰਦੀ ਹੈ। ਜਿਵੇਂ ਸ਼ਹਿਨਾਈ, ਬੀਨ, ਬੰਸਰੀ ਹਾਰਮੋਨਿਯਮ ਆਦਿ ਹਵਾ ਤੋਂ ਅਤੇ ਇਸੇ ਤਰ੍ਹਾਂ ਮਨੁੱਖ ਦੇ ਕੰਠ ਵਿੱਚ ਹਵਾ ਪ੍ਰਵੇਸ਼ ਕਰਕੇ ਗਲੇ ਦੀਆਂ ਮਾਸਪੇਸ਼ਿਆਂ ਨਾਲ ਕੰਪਿਤ ਹੁੰਦੀ ਹੈ ਉਹ ਆਵਾਜ਼ ਆਹਤ ਨਾਦ ਕਹਲਾਉਂਦੀ ਹੈ।

******



Downloaded from https:// www.studiestoday.com

Downloaded from https:// www.studiestoday.com

# ਪਾਠ-3

# ਭਾਸ਼ਾਵਾਂ

## ਵਾਦੀ ਸਵਰ

ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਵਿੱਚ ਕੁਝ ਅਜਿਹੇ ਸਵਰ ਹੁੰਦੇ ਹਨ ਜਿਸ ਤੋਂ ਰਾਗ ਦਾ ਸਵਰੂਪ ਕਾਇਮ ਕਰਨ ਵਿੱਚ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਰਾਗ ਦਾ ਵਿਸਤਾਰ ਕਰਦੇ ਹੋਏ ਅਜਿਹੇ ਸਵਰ, ਜਿਨ੍ਹਾਂ ਦਾ ਪ੍ਰਯੋਗ ਵਾਰ-ਵਾਰ ਅਤੇ ਜ਼ਿਆਦਾ ਠਹਿਰਾਵ ਕੀਤਾ ਜਾਵੇ ਉਸ ਨੂੰ ਵਾਦੀ ਸਵਰ ਕਹਿੰਦੇ ਹਨ। ਵਾਦੀ ਸਵਰ ਦਾ ਸਭ ਤੋਂ ਜਿਆਦਾ ਪ੍ਰਯੋਗ ਹੋਣ ਦਾ ਕਾਰਨ ਇਸ ਨੂੰ ਜੀਵ ਸਵਰ ਅੰਸ਼ ਸਵਰ, ਪ੍ਰਧਾਨ ਸਵਰ, ਮੁੱਖਸਵਰ ਅਤੇ ਰਾਗ ਦਾ ਰਾਜਾ ਸਵਰ ਆਦਿ ਨਾਮਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ ਅਤੇ ਇਸੇ ਕਰਕੇ ਰਾਗ ਦਾ ਆਰੰਭ ਅਤੇ ਸਮਾਪਤੀ ਇਸੇ ਵਾਦੀ ਸਵਰ ਤੇ ਹੁੰਦੀ ਹੈ ਜਿਵੇਂ ਰਾਗ ਭੁਪਾਲੀ ਵਿੱਚ ਵਾਦੀ ਸਵਰ ਗੰਧਾਰ 'ਗ' ਹੈ।

## ਸਮਵਾਦੀ ਸਵਰ

ਰਾਗ ਦਾ ਦੂਜਾ ਮਹੱਤਵਪੂਰਣ ਸਵਰ 'ਸਮਵਾਦੀ' ਕਹਿਲਾਉਂਦਾ ਹੈ। ਇਸ ਦਾ ਪ੍ਰਯੋਗ ਵਾਦੀ ਸਵਰ ਤੋਂ ਘੱਟ ਅਤੇ ਬਾਕੀ ਸਵਰਾਂ ਤੋਂ ਜਿਆਦਾ ਹੁੰਦਾ ਹੈ। ਸਮਵਾਦੀ ਸਵਰ ਦਾ ਪਰਮ ਸਹਾਇਕ ਹੋਣ ਕਾਰਣ ਇਸ ਨੂੰ 'ਮੰਤਰੀ' ਦੀ ਉਪਾਧੀ ਦਿੱਤੀ ਗਈ ਹੈ ਜਿਵੇਂ ਭੁਪਾਲੀ ਰਾਗ ਵਿੱਚ ਸਮਵਾਦੀ ਸਵਰ ਧੈਵਤ (ਧ) ਹੈ।

## ਅਨੁਵਾਦੀ ਸਵਰ

ਰਾਗ ਵਿੱਚ ਸਿਰਫ ਵਾਦੀ ਸਮਵਾਦੀ ਇਹਨਾਂ ਦੋ ਸਵਰਾਂ ਤੇ ਰਾਗ ਦਾ ਸਵਰੂਪ ਨਹੀਂ ਬਣਦਾ। ਇਸ ਲਈ ਵਾਦੀ ਅਤੇ ਸਮਵਾਦੀ ਦੇ ਨਾਲ ਨਾਲ ਅਨੁਵਾਦੀ ਸਵਰ ਰਾਗ ਵਿੱਚ ਹੋਣਾ ਅਤਿ ਜਰੂਰੀ ਹੈ। ਵਾਦੀ ਅਤੇ ਸਮਵਾਦੀ



Downloaded from https:// www.studiestoday.com

Downloaded from https:// www.studiestoday.com

ਸਵਰਾਂ ਤੋਂ ਇਲਾਵਾ ਜਿਹੜੇ ਸਵਰ ਰਾਗ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਉਹਨਾਂ ਨੂੰ ਸਮਵਾਦੀ ਸਵਰ ਕਹਿੰਦੇ ਹਨ ਜਿਵੇਂ ਇਕ ਰਾਜ ਵਿੱਚ ਇੱਕ ਰਾਜੇ ਅਤੇ ਮੰਤਰੀ ਤੋਂ ਇਲਾਵਾ ਪਰਜਾ ਦਾ ਹੋਣਾ ਜ਼ਰੂਰੀ ਹੈ, ਉਸੇ ਤਰ੍ਹਾਂ ਇਕ ਰਾਗ ਵਿੱਚ ਵਾਦੀ ਸਮਵਾਦੀ ਤੋਂ ਇਲਾਵਾ ਅਨੁਵਾਦੀ ਸਵਰਾਂ ਦਾ ਵੀ ਉੱਨਾਂ ਹੀ ਮਹੱਤਵ ਹੈ ਜਿਵੇਂ ਕਿ ਭੁਪਾਲੀ ਰਾਗ ਵਿੱਚ ਗ, ਧ ਤੋਂ ਇਲਾਵਾ ਬਾਕੀ ਦੇ ਸਵਰ ਅਨੁਵਾਦੀ ਕਹਿਲਾਉਂਦੇ ਹਨ।

## ਵਿਵਾਦੀ ਸਵਰ

ਵਿਵਾਦੀ ਸਵਰ ਦਾ ਆਮਤੌਰ ਤੇ ਰਾਗ ਵਿੱਚ ਪ੍ਰਯੋਗ ਨਹੀਂ ਕੀਤਾ ਜਾਂਦਾ। ਇਹਨਾਂ ਦੇ ਪ੍ਰਯੋਗ ਤੋਂ ਰਾਗ ਦੀ ਸ਼ੁਧੱਤਾ ਜਾਂ ਸਵਰੂਪ ਵਿਗੜਨ ਦਾ ਡਰ ਹੁੰਦਾ ਹੈ ਪਰ ਇਹ ਸਵਰ ਰਾਗ ਵਿੱਚ ਵਿਚਿਤਰਤਾ ਅਤੇ ਰੰਜਕਤਾ ਵਧਾਉਣ ਲਈ ਅਤੇ ਬਹੁਤ ਥੋੜੇ ਸਮੇਂ ਲਈ ਕਦੇ ਕਦੇ ਰਾਗ ਵਿੱਚ ਉਚਿਤ ਸਥਾਨ ਤੇ ਪ੍ਰਯੋਗ ਕਿੱਤੇ ਜਾਂਦੇ ਹਨ। ਇਹਨਾਂ ਦਾ ਪ੍ਰਯੋਗ ਬੜੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ ਨਹੀਂ ਤੇ ਰਾਗ ਦਾ ਸਵਰੂਪ ਵਿਗੜਨ ਦਾ ਡਰ ਹੁੰਦਾ ਹੈ। ਇਹਨਾਂ ਸਵਰਾਂ ਨੂੰ ਝਗੜਾਲੂ ਸਵਰਾਂ ਦੀ ਉਪਮਾ ਦਿਤੀ ਗਈ ਹੈ।

## ਵਰਜਿਤ ਸਵਰ

ਵਰਜਿਤ ਸਵਰ ਦਾ ਅਰਥ ਹੈ–'ਮਨਾਹੀ'। ਜਿਨ੍ਹਾਂ ਸਵਰਾਂ ਦੀ ਪ੍ਰਯੋਗ ਕਰਨ ਦੀ ਬਿਲਕੁਲ ਮਨਾਹੀ ਹੋਵੇ ਅਰਥਾਤ ਵਰਜਿਤ ਹੋਣ ਉਹਨਾਂ ਨੂੰ ਵਰਜਿਤ ਸਵਰ ਕਹਿੰਦੇ ਹਨ ਜਿਵੇਂ ਭੁਪਾਲੀ ਰਾਗ ਵਿੱਚ ਮ ਅਤੇ ਨੀ ਵਰਜਿਤ ਸਵਰ ਹਨ। ਵਿਵਾਦੀ ਸਵਰ ਰਾਗ ਵਿੱਚ ਕਦੇ ਕਦੇ ਸੁੰਦਰਤਾ ਦੇ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਪੰਰਤੂ ਵਰਜਿਤ ਸਵਰ ਕਦੇ ਵੀ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਕਿਸੇ ਇਕ ਰਾਗ ਦਾ ਵਰਜਿਤ ਸਵਰ ਕਿਸੇ ਦੂਸਰੇ ਰਾਗ ਦਾ ਵਾਦੀ ਜਾਂ ਸਮਵਾਦੀ ਹੋ ਸਕਦਾ ਹੈ।

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-4

# ਰਾਗ, ਰਾਗ ਦੇ ਨਿਯਮ

ਰਾਗ ਸ਼ਬਦ ਦਾ ਜਨਮ 'ਰੰਜੂ' ਧਾਤੂ ਤੋਂ ਮੰਨਿਆ ਗਿਆ ਹੈ ਜਿਸ ਦਾ ਅਰਥ ਹੈ 'ਪ੍ਰਸੰਨ ਕਰਨਾ'। ਉਹ ਆਵਾਜ਼ (ਧਵਨੀ) ਜਿਹੜੀ ਸਵਰਾਂ ਅਤੇ ਵਰਣਾ ਨਾਲ ਸਜੀ ਹੋਵੇ ਅਤੇ ਮਨੁੱਖ ਦੇ ਮਨ ਨੂੰ ਅਨੰਦਿਤ ਕਰੇ ਅਤੇ ਜਿਸ ਵਿੱਚ ਘੱਟ ਤੋਂ ਘੱਟ ਪੰਜ ਅਤੇ ਜ਼ਿਆਦਾ ਤੋਂ ਜ਼ਿਆਦਾ ਸਤ ਸਵਰ ਹੋਣ ਉਸ ਰਚਨਾ ਨੂੰ ਰਾਗ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿੱਚ ਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ :-

ਸਵਰ ਅਤੇ ਵਰਣ ਨਾਲ ਵਿਭੂਸ਼ਿਤ (ਸਜੀ) ਧਵਨੀ ਜਿਹੜੀ ਮਨੁੱਖ ਦੇ ਮਨ ਦਾ ਰੰਜਨ ਕਰੇ, ਰਾਗ ਕਹਲਾਉਂਦੀ ਹੈ।

**ਰਾਗ ਦੇ ਨਿਯਮ :**

1. ਰਾਗ ਵਿੱਚ ਰੰਜਕਤਾ ਦਾ ਹੋਣਾ ਜਰੂਰੀ ਹੈ।
2. ਰਾਗ ਵਿੱਚ ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸਤ ਸਵਰ ਹੋਣੇ ਚਾਹੀਦੇ ਹਨ।
3. ਰਾਗ ਵਿੱਚ 'ਸ' ਸਵਰ ਕਦੇ ਵੀ ਵਰਜਿਤ ਨਹੀਂ ਹੁੰਦਾ ਕਿਉਂਕਿ ਇਹ ਸਪਤਕ ਦਾ ਆਧਾਰ ਸਵਰ ਹੈ।
4. ਰਾਗ ਵਿੱਚ 'ਮ' ਅਤੇ 'ਪ' ਸਵਰ ਦੋਵੇਂ ਇਕੱਠੇ ਵਰਜਿਤ ਨਹੀਂ ਹੁੰਦੇ ਜੇਕਰ ਕਿਸੇ ਰਾਗ ਵਿੱਚ 'ਪ' ਸਵਰ ਵਰਜਿਤ ਹੈ ਤਾਂ 'ਮ' ਜਰੂਰ ਹੋਵੇਗਾ।



Downloaded from https:// www.studiestoday.com

Downloaded from https:// www.studiestoday.com

5. ਰਾਗ ਵਿੱਚ ਆਰੋਹ, ਅਵਰੋਹ, ਥਾਟ, ਜਾਤੀ, ਵਾਦੀ, ਸਮਵਾਦੀ, ਪਕੜ ਸਮਾਂ ਆਦਿ ਦਾ ਹੋਣਾ ਜ਼ਰੂਰੀ ਹੈ।
6. ਰਾਗ ਕਿਸੀ ਥਾਟ ਤੋਂ ਉਤਪੱਨ ਹੋਣਾ ਚਾਹੀਦਾ ਹੈ।
7. ਰਾਗ ਵਿੱਚ ਸਵਰ ਦੇ ਦੋਨੋਂ ਰੂਪ (ਕੋਮਲ, ਤੀਵਰ) ਇਕੱਠੇ ਨਹੀਂ ਪ੍ਰਯੋਗ ਕਰਨੇ ਚਾਹੀਦੇ।
8. ਰਾਗ ਵਿੱਚ ਸਵਰ ਕ੍ਰਮ ਅਨੁਸਾਰ ਨਹੀਂ ਹੁੰਦੇ।

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-5

# ਪਕੜ

ਉਹ ਸਵਰ-ਸਮੂਹ ਜਿਸ ਤੋਂ ਕਿਸੇ ਰਾਗ ਦੀ ਪਹਿਚਾਨ ਹੋਵੇ, ਬੋਧ ਹੋਵੇ ਉਸ ਨੂੰ ਪਕੜ ਕਹਿੰਦੇ ਹਨ, ਜਿਵੇਂ ਭੁਪਾਲੀ ਰਾਗ ਦੀ ਪਕੜ ਹੈ : ਪ, ਗ, ਰੇ, ਗ, ਸ, ਰੇ, .ਧ, ਸ। ਪਕੜ ਰਾਗ ਦੇ ਆਰੋਹ ਅਵਰੋਹ ਦੇ ਬਾਅਦ ਗਾਈ ਜਾਂ ਵਜਾਈ ਜਾਂਦੀ ਹੈ। ਹਰੇਕ ਰਾਗ ਦੀ ਪਕੜ ਅਲਗ-ਅਲਗ ਹੁੰਦੀ ਹੈ। ਗਾਉਣ-ਵਜਾਉਣ ਸਮੇਂ ਰਾਗ ਦੀ ਪਕੜ ਰਾਗ ਵਿੱਚ ਵਾਰ-ਵਾਰ ਪ੍ਰਯੋਗ ਕਰਦੇ ਹਨ, ਪਕੜ ਨੂੰ ਰਾਗ ਦਾ ਮੁੱਖ ਅੰਗ ਵੀ ਕਹਿੰਦੇ ਹਨ।

**ਜਿਵੇਂ ਰਾਗ ਭੁਪਾਲੀ ਦੀ ਪਕੜ ਹੈ :**

ਸ ਰੇ ਸ, ਸ ਧ਼, ਸ ਰੇ ਗ, ਪ ਗ, ਧ ਪ ਗ ਰੇ ਸ

ਇਸ ਤਰ੍ਹਾਂ ਵਿਦਿਆਰਥੀ ਇਸ ਸੁਰ ਸੰਗਤੀ ਤੋਂ ਝੱਟ ਪਹਿਚਾਨ ਲੈਣਗੇ ਕਿ ਇਹ ਭੁਪਾਲੀ ਰਾਗ ਹੈ।

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-6

# ਸ਼ਰੂਤੀ

ਉਹ ਸੂਖਮ ਆਵਾਜ਼ ਜਿਸ ਨੂੰ ਅਸੀਂ ਸਪਸ਼ਟ ਰੂਪ ਤੋਂ ਸੁਣ ਕੇ ਸਮਝ ਸਕੀਏ ਅਤੇ ਅਲਗ ਤੋਂ ਪਹਿਚਾਨ ਸਕੀਏ ਉਸ ਨੂੰ ਸ਼ਰੂਤੀ ਕਹਿੰਦੇ ਹਨ।

ਸ਼ਾਸਤਰਕਾਰਾਂ ਨੇ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਹੈ :

**'ਸ਼ਰੂ ਅਤੇ ਇਤੀ ਸ਼ਰੂਤੀ'**

ਅਰਥਾਤ ਜਿਸ ਨੂੰ ਅਸੀਂ ਸੁਣ ਸਕੀਏ ਅਤੇ ਸਮਝ ਲਈਏ ਉਸ ਨੂੰ ਸ਼ਰੂਤੀ ਕਹਿੰਦੇ ਹਨ। 'ਅਭਿਨਵ ਰਾਗ ਮੰਜਰੀ' ਵਿੱਚ ਇਕ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਗਈ ਹੈ, "ਉਹ ਆਵਾਜ਼ ਜਿਹੜੀ ਗੀਤ ਵਿੱਚ ਪ੍ਰਯੋਗ ਕੀਤੀ ਜਾ ਸਕੇ ਅਤੇ ਇਕ ਦੂਜੇ ਤੋਂ ਅਲਗ ਪਹਿਚਾਨੀ ਜਾ ਸਕੇ ਉਸ ਨੂੰ ਸ਼ਰੂਤੀ ਕਹਿੰਦੇ ਹਨ।" ਜਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਸ਼ਰੂਤੀ ਉਹ ਧੁਨੀ ਹੋ ਜਿਹੜੀ ਸੰਗੀਤ ਲਈ ਉਪਯੋਗੀ ਹੋਵੇ, ਕੰਨਾਂ ਨੂੰ ਸਾਫ-ਸਾਫ ਸੁਣਾਈ ਦੇਵੇ, ਇੱਕ ਦੂਜੇ ਤੋਂ ਅਲੱਗ ਪਛਾਣੀ ਜਾ ਸਕੇ, ਸੁਨਣ ਵਿੱਚ ਮਧੁਰ ਹੋਵੇ। ਬਾਣੀ ਸ਼ਰੂਤੀਆਂ ਦੇ ਨਾਂ ਹੇਠ ਲਿਖੇ ਹਨ :

| | | | |
|---|---|---|---|
| 1. .ਤੀਵਰਾ | 2. .ਕੁਮੁਦਵਤੀ | 3. .ਮੰਦਾ | 4. ਛਦੋਵਤੀ |
| 5. .ਦਯਾਵਤ | 6. .ਰੰਜਨੀ | 7. .ਰਕਤਿਕਾ | 8. .ਰੌਦ੍ਰੀ |
| 9. .ਕ੍ਰੋਧੀ | 10. .ਵਜਰਿਕਾ | 11. .ਪ੍ਰਮਾਰਿਣੀ | 12. .ਪ੍ਰੀਤੀ |
| 13. .ਮਾਰਜਿਨੀ | 14. .ਕਸ਼ਿਤੀ | 15. .ਰਕਤਾ | 16. .ਸੰਦੀਪਨੀ |
| 17. .ਅਲਾਪਨੀ | 18. .ਮਦੰਤੀ | 19. .ਰੋਹਿਣੀ | 20. .ਰਮਯਾ |
| 21. .ਉਗਰਾ | 22. .ਕਸ਼ੋਭਣੀ | | |

ਇਹਨਾਂ 22 ਸ਼ਰੂਤੀਆਂ ਦਾ ਗਾਉਣ ਵਜਾਉਣ ਵਿੱਚ ਪ੍ਰਯੋਗ ਕਰਨਾ ਕਠਿਨ ਹੈ। ਇਸ ਲਈ ਇਹਨਾਂ 22 ਸ਼ਰੂਤੀਆਂ ਵਿੱਚੋਂ ਸੱਤ ਨੂੰ ਚੁਣਿਆ ਗਿਆ ਹੈ ਅਤੇ ਇਹਨਾਂ ਦਾ ਨਾ ਸੁਰ ਰੱਖਿਆ ਗਿਆ ਹੈ। ਭਾਰਤੀ ਸੰਗੀਤ ਇਹਨਾਂ ਸੱਤ ਸੁਰਾਂ ਤੇ ਹੀ ਅਧਾਰਿਤ ਹੈ।

* * * * * *



Downloaded from https:// www.studiestoday.com

Downloaded from https:// www.studiestoday.com

# ਪੰ. ਵਿਸ਼ਣੂ ਨਰਾਇਣ ਭਾਤਖੰਡੇ



ਚਿੱਤਰ ਨੰ:- I



Downloaded from https:// www.studiestoday.com

Downloaded from https:// www.studiestoday.com

## ਪਾਠ-7

# ਪੰ. ਵਿਸ਼ਣੂ ਨਰਾਇਣ ਭਾਤਖੰਡੇ

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਨੇ ਸੰਗੀਤ ਕਲਾ ਦੀ ਉੱਨਤੀ ਵਾਸਤੇ ਇੱਕ ਸਤੰਭ ਦੀ ਭੂਮਿਕਾ ਨਿਭਾਈ। ਉਹਨਾਂ ਨੇ ਆਪਣਾ ਸਾਰਾ ਜੀਵਨ ਸੰਗੀਤ ਕਲਾ ਦੀ ਨਿਸ਼ਕਾਮ ਸੇਵਾ ਕਰਦੇ ਹੋਏ ਹਮੇਸ਼ਾ ਦੇ ਲਈ ਸੰਗੀਤ ਪ੍ਰੇਮਿਆਂ ਦੇ ਦਿਲਾਂ ਵਿੱਚ ਆਪਣਾ ਨਾਂ ਅੰਕਿਤ ਕਰ ਦਿੱਤਾ। ਸੰਗੀਤ ਜਗਤ ਉਹਨਾਂ ਦੇ ਬਹੁਮੁੱਲ ਕੰਮਾਂ ਦੇ ਲਈ ਸਦਾ ਦੇ ਲਈ ਰਿਣੀ ਰਹੇਗਾ।

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਦਾ ਜਨਮ 10 ਅਗਸਤ, ਸੰਨ 1860 ਇ. ਨੂੰ ਮੁੰਬਈ ਪ੍ਰਾਂਤ ਦੇ ਬਾਲਕੇਸ਼ਵਰ ਨਾਮਕ ਸਥਾਨ ਵਿੱਚ ਕ੍ਰਿਸ਼ਣ ਜਨਮ ਅਸ਼ਟਮੀ ਵਾਲੇ ਦਿਨ ਹੋਇਆ ਸੀ। ਉਹਨਾਂ ਨੇ ਆਪਣੇ ਪਿਤਾ ਤੋਂ, ਜਿਨ੍ਹਾਂ ਨੂੰ ਸੰਗੀਤ ਨਾਲ ਖਾਸ ਪ੍ਰੇਮ ਸੀ, ਸੰਗੀਤ ਸਿਖਣ ਦੀ ਪ੍ਰੇਰਣਾ ਮਿਲੀ। ਆਪ ਸਕੂਲੀ ਸਿੱਖਿਆ ਦੇ ਨਾਲ ਨਾਲ ਸੰਗੀਤ ਸਿੱਖਿਆ ਵੀ ਗ੍ਰਹਿਣ ਕਰਦੇ ਰਹੇ। ਸਿਤਾਰ, ਗਾਇਨ ਅਤੇ ਬੰਸਰੀ ਦੀ ਸਿੱਖਿਆ ਲਈ ਤਿੰਨਾ ਤੇ ਚੰਗਾ ਅਭਿਆਸ ਕੀਤਾ। ਸੇਨ ਬਲੱਭਦਾਸ ਤੋਂ ਸਿਤਾਰ, ਗੁਰੂ ਰਾਵ ਬੂਆ ਬੇਲਬਾਥਕਰ, ਜੈਯਪੁਰ ਤੋਂ ਮੁਹਮੰਦ ਅਲੀ ਖਾਂ, ਗਵਾਲਿਅਰ ਦੇ ਪੰ. ਏਕਨਾਥ ਆਦਿ ਗੁਰਜਨਾਂ ਤੋਂ ਗਾਇਨ ਦੀ ਸਿੱਖਿਆ ਲਈ। ਸੰਨ 1883 ਵਿੱਚ ਬੀ.ਏ., ਸੰਨ 1890 ਵਿੱਚ ਐਲ.ਐਲ.ਬੀ. ਦੀ ਪ੍ਰੀਖਿਆ ਪਾਸ ਕੀਤੀ। ਕੁਝ ਸਮੇਂ ਤੱਕ ਆਪਨੇ ਵਕਾਲਤ ਕੀਤੀ ਪਰ ਇਸ ਸੰਗੀਤ ਦੇ ਮਹਾਨ ਪ੍ਰੇਮੀ ਦਾ ਮਨ ਵਕਾਲਤ ਵਿੱਚ ਨਹੀਂ ਲਗਿਆ।

ਸੰਨ 1904 ਵਿੱਚ ਭਾਤਖੰਡੇ ਜੀ ਨੇ ਪਹਿਲੀ ਸੰਗੀਤ ਯਾਤਰਾ ਕੀਤੀ। ਉਹਨਾਂ ਨੇ ਸਭ ਤੋਂ ਪਹਿਲਾਂ ਦੱਖਣ ਦੀ ਯਾਤਰਾ ਕੀਤੀ। ਉੱਥੇ ਉਹਨਾਂ ਨੇ ਬੜੇ-ਬੜੇ ਸੰਗੀਤਕਾਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਦੁਰਲਭ ਪ੍ਰਾਚੀਨ ਗ੍ਰੰਥਾ ਦਾ ਅਧਿਐਨ ਕੀਤਾ। ਇਸ ਤੋਂ ਬਾਅਦ ਉੱਤਰੀ ਭਾਰਤ ਦਾ ਦੌਰਾ ਕੀਤਾ ਅਤੇ ਉੱਥੇ ਗਿਆਨ ਗੋਸ਼ਠੀਆਂ ਕੀਤੀਆਂ ਅਤੇ ਪ੍ਰਾਚੀਨ ਗ੍ਰੰਥਾਂ ਦਾ



Downloaded from https:// www.studiestoday.com

Downloaded from https:// www.studiestoday.com

ਅਧਿਅਨ ਕੀਤਾ। ਭਿੰਨ-ਭਿੰਨ ਰਾਗਾਂ ਦੇ ਬਹੁਤ ਸਾਰੇ ਗੀਤ ਇਕੱਠੇ ਕੀਤੇ ਅਤੇ ਉਹਨਾਂ ਦੀਆਂ ਸਵਰ ਲਿੱਪਿਆਂ ਭਾਤਖੰਡੇ ਕ੍ਰਮਿਕ ਪੁਸਤਕ 6 ਭਾਗਾਂ ਵਿੱਚ ਸੰਗ੍ਰਿਹਿਤ ਕਰਕੇ ਸੰਗੀਤ ਦੇ ਲਈ ਅਥਾਹ ਭੰਡਾਰ ਇਕੱਠਾ ਕੀਤਾ।

ਕ੍ਰਿਆਤਮਕ ਸੰਗੀਤ ਨੂੰ ਲਿੱਪੀਬੱਧ ਕਰਨ ਲਈ ਭਾਤਖੰਡੇ ਜੀ ਨੇ ਸਰਲ ਅਤੇ ਨਵੀਨ ਸਵਰਲਿਪੀ ਦੀ ਪੱਦਤੀ ਦੀ ਰਚਨਾ ਕੀਤੀ ਜਿਹੜੀ ਭਾਤਖੰਡੇ ਸਵਰਲਿੱਪੀ ਪੱਦਤੀ ਦੇ ਨਾਂ ਨਾਲ ਪ੍ਰਸਿੱਧ ਹੈ। ਰਾਗ ਵਰਗੀਕਰਣ ਇਕ ਨਵੀਨ ਪ੍ਰਕਾਰ ਥਾਟ-ਰਾਗ ਵਰਗੀਕਰਣ ਨੂੰ ਪ੍ਰਚਾਰਿਤ ਕਰਨ ਦਾ ਸੇਹਰਾ ਭਾਤਖੰਡੇ ਜੀ ਨੂੰ ਹੀ ਹੈ। ਉਹਨਾਂ ਨੇ ਵਿਗਿਆਨਿਕ ਢੰਗ ਨਾਲ ਸਾਰੇ ਰਾਗਾਂ ਨੂੰ 10 ਥਾਟਾਂ ਵਿੱਚ ਵਿਭਾਜਿਤ ਕੀਤਾ।

ਜਿਸ ਸਮੇਂ ਭਾਰਤ ਵਿੱਚ ਰੇਡਿਔ ਦਾ ਪ੍ਰਚਾਰ ਨਹੀਂ ਸੀ ਉਸ ਵਕਤ ਭਾਤਖੰਡੇ ਜੀ ਨੇ 1916 ਵਿੱਚ ਬੜੋਦਾ ਨਰੇਸ਼ ਦੀ ਮਦਦ ਨਾਲ ਇਕ ਵਿਸ਼ਾਲ ਸੰਗੀਤ ਸੰਮੇਲਨ ਕਰਵਾਇਆ। ਇਹਨਾਂ ਨੇ ਕਈ ਸੰਗੀਤ ਵਿਦਿਆਲਿਆਂ ਦੀ ਸਥਾਪਨਾ ਕੀਤੀ। ਉਹਨਾਂ ਵਿੱਚੋਂ ਕੁਝ ਮੁੱਖ ਹਨ ਜਿਵੇਂ ਮੈਰਿਸ ਮਿਉਜਿਕ ਕਾਲਜ, ਲਖਨਉ, ਮਾਧਵ ਸੰਗੀਤ ਵਿਦਿਆਲਾ ਗਵਾਲਿਅਰ, ਮਿਉਜਿਕ ਕਾਲਜ, ਬੜੋਦਾ।

ਉਹਨਾਂ ਨੇ ਕਈ ਪੁਸਤਕਾਂ ਦੀ ਰਚਨਾ ਵੀ ਕੀਤੀ ਜਿਵੇਂ ਹਿੰਦੁਸਤਾਨੀ ਸੰਗੀਤ ਪੱਦਤੀ (ਕ੍ਰਮਿਕ ਪੁਸਤਕ ਮਾਲਿਕਾ 6 ਭਾਗਾਂ ਵਿੱਚ) ਭਾਤਖੰਡੇ ਸੰਗੀਤ ਸ਼ਾਸ਼ਤਰ 4 ਭਾਗਾਂ ਵਿੱਚ, ਅਭਿਨਵ ਰਾਗ ਮੰਜਰੀ, ਲਕਸ਼ਿਅ ਸੰਗੀਤ, ਸਵਰ ਮਾਲਿਕਾ ਆਦਿ।

ਇਸ ਤੋਂ ਇਲਾਵਾ ਪੰਡਿਤ ਜੀ ਨੇ ਅਨੇਕ ਖਿਆਲ ਗੀਤਾਂ ਦੀ ਰਚਨਾ 'ਹਰਰੰਗ' ਉਪਨਾਮ ਤੋਂ 250 ਦੇ ਲਗਭਗ ਲਕਸ਼ਣ ਗੀਤਾਂ ਦੀ ਰਚਨਾ 'ਚਤੁਰ' ਉਪਨਾਮ ਤੋਂ ਕੀਤੀ।

ਸ਼੍ਰੀ ਵਿਸ਼ਣੂ ਨਰਾਇਣ ਭਾਤਖੰਡੇ ਜੀ ਦਾ ਦੇਹਾਂਤ 19 ਸਿਤੰਬਰ ਸੰਨ 1938 ਈ. ਵਿੱਚ ਹੋਇਆ।

ਸੰਗੀਤ ਸ਼ਾਸ਼ਤਰ, ਕ੍ਰਿਆਤਮਕ ਸੰਗੀਤ, ਖੋਜ ਪ੍ਰਚਾਰ ਅਤੇ ਸੰਗੀਤ ਸਿੱਖਿਆ ਹਰੇਕ ਖੇਤਰ ਵਿੱਚ ਭਾਤਖੰਡੇ ਜੀ ਨੇ ਸ਼ਲਾਘਾਯੋਗ ਕੰਮ ਕੀਤਾ।

ਇਸ ਮਹਾਨ ਸੰਗੀਤਕਾਰ ਨੇ ਆਪਣਾ ਸਾਰਾ ਜੀਵਨ ਸੰਗੀਤ ਦੇ ਲਈ ਜਿਨ੍ਹਾਂ ਕੰਮ ਕੀਤਾ ਉਸ ਦੀ ਕੋਈ ਹੋਰ ਉਦਾਹਰਣ ਮਿਲਣੀ ਬਹੁਤ ਕਠਿਨ ਹੈ।

******



Downloaded from https:// www.studiestoday.com

Downloaded from https:// www.studiestoday.com

## ਪਾਠ -8

# ਹਰਮੋਨੀਅਮ



ਹਰਮੋਨੀਅਮ ਸ਼ਬਦ ਦੀ ਉਤਪਤੀ ਗ੍ਰੀਕ ਸ਼ਬਦ ਹਰਮਨੀ ਨਾਲ ਹੋਈ ਹੈ, ਜਿਸ ਦਾ ਅਰਥ ਹੈ ਸੁਰ ਸਾਮਵਾਦੀ ਇਸ ਸਾਜ ਦੀ ਖੋਜ Alexender Darbin ਨੇ ਸੰਨ 1840 ਵਿੱਚ ਪਿਆਨੋ ਦੇ ਆਧਾਰ ਤੇ ਪੈਰਿਸ (ਫ਼ਰਾਂਸ) ਵਿੱਚ ਕੀਤੀ, ਹਰਮੋਨੀਅਮ ਵਿਦੇਸ਼ੀ ਸ਼ਾਜ ਹੁੰਦੇ ਹੋਏ ਵੀ ਅੱਜ ਕੱਲ੍ਹ ਭਾਰਤ ਵਿੱਚ ਇਸ ਦਾ ਪ੍ਰਚਲਨ ਐਨਾ ਜਿਆਦਾ ਹੋ ਗਿਆ ਹੈ ਕਿ ਇਸ ਨੂੰ ਭਾਰਤੀ ਸਾਜ ਦੇ ਅਧੀਨ ਅਪਣਾ ਲਿਆ ਗਿਆ ਹੈ। ਹਰਮੋਨੀਅਮ ਇੱਕ ਹਰਮਨ ਪਿਆਰਾ ਸਾਜ ਹੈ। ਹਲਕੇ ਫੁਲਕੇ ਸੰਗੀਤ ਦੇ ਲਈ ਇਹ ਬਹੁਤ ਹੀ ਲਾਭਦਾਇਕ ਹੈ। ਸਾਸ਼ਤਰੀ ਸੰਗੀਤ ਵਿੱਚ ਇਸ ਦਾ ਪ੍ਰਯੋਗ ਸੁਰ ਭਰਨ ਲਈ ਕੀਤਾ ਜਾਂਦਾ ਹੈ। ਸੋ ਹਰਮੋਨੀਅਮ ਨੂੰ ਜਨ ਸਧਾਰਨ ਦਾ ਸਾਜ ਕਹਿਣਾ ਉਚਿੱਤ ਹੋਵੇਗਾ। ਅੰਤ ਵਿੱਚ ਅਸੀ ਇਹ ਕਹਾਂਗੇ ਹਰਮੋਨੀਅਮ ਮੂਲ ਰੂਪ ਵਿੱਚ ਯੁਰਪੀਨ ਸਾਜ ਹੋਣ ਕਰਕੇ ਵੀ ਭਾਰਤੀ ਸਾਜਾਂ ਵਿੱਚ ਪੂਰਨ ਤੋਰ ਤੇਂ ਘੁਲਮਿੱਲ ਗਿਆ ਹੈ।



Downloaded from https:// www.studiestoday.com

Downloaded from https:// www.studiestoday.com

## ਅੰਗ ਵਰਣਨ

(1) **ਪਰਦਾ** : ਇਸ ਨੂੰ ਚਾਬੀ ਵੀ ਕਹਿੰਦੇ ਹਨ। ਪਰਦਿਆਂ ਨੂੰ ਦਬਾਉਣ ਨਾਲ ਸੁਰ ਉਤਪੰਨ ਹੁੰਦੇ ਹਨ।

(2) **ਧੋਕਣੀ** : ਇਸ ਨੂੰ ਚਲਾਉਣ ਨਾਲ ਹਰਮੋਨੀਅਮ ਵਿੱਚ ਹਵਾ ਭਰਦੀ ਹੈ ਇਹ ਹਰਮੋਨੀਅਮ ਦੇ ਪਿਛਲੇ ਭਾਗ ਤੇ ਲਗਾਈ ਜਾਂਦੀ ਹੈ। ਇਸ ਨੂੰ ਖੱਬੇ ਹੱਥ ਨਾਲ ਚਲਾਉਂਦੇ ਹਨ।

(3) **ਰੀਡ** : ਹਰਮੋਨੀਅਮ ਦੇ ਅੰਦਰ ਲੱਗੀਆ ਹੋਈਆਂ ਪਿੱਤਲ ਦੀਆਂ ਛੋਟੀਆਂ-ਛੋਟੀਆਂ ਰੀਡ ਕਹਾਉਂਦੀਆਂ ਹਨ ਪਰਦਾ ਦਬਾਉਣ ਨਾਲ ਰੀਡ ਨੂੰ ਛੂਹ ਕੇ ਹਵਾ ਬਾਹਰ ਨਿਕਲਦੀ ਹੈ ਅਤੇ ਸੁਰ ਪੈਦਾ ਹੁੰਦੇ ਹਨ।

(4) **ਰੀਡ ਬੋਰਡ** : ਇਹ ਲੱਕੜ ਦੀ ਇੱਕ ਲੰਬੀ ਫੱਟੀ ਹੁੰਦੀ ਹੈ। ਇਸ ਤੇ ਰੀਡ ਲਗਾਏ ਜਾਂਦੇ ਹਨ।

(5) **ਸਟਾਪਰ** : ਹਰਮੋਨੀਅਮ ਦੇ ਅੱਗੇ ਲੱਗੀਆ ਹੋਈਆਂ ਖੁੰਟੀਆ ਨੂੰ ਸਟਾਪਰ ਕਹਿੰਦੇ ਹਨ। ਸਟਾਪਰ ਨੂੰ ਬਾਹਰ ਖਿੱਚ ਕੇ ਖੋਲ੍ਹਣ ਤੋਂ ਹਰਮੋਨੀਅਮ ਵਿੱਚੋਂ ਆਵਾਜ਼ ਨਿਕਲਦੀ ਹੈ।

(6) **ਕਮਾਣੀ** : ਪਰਦੇ ਦੇ ਪਿਛਲੇ ਪਾਸੇ ਕਮਾਣੀਆਂ ਲੱਗੀਆ ਹੋਈਆਂ ਹਨ। ਇਹ ਪਰਦੇ ਨੂੰ ਦਬਾ ਕੇ ਰੱਖਦੀਆਂ ਹਨ। ਪਰਦਾ ਉਂਗਲੀ ਨਾਲ ਦਬਾਉਣ ਤੇ ਰੀਡ ਦਾ ਛੇਕ ਖੁੱਲ ਜਾਂਦਾ ਹੈ ਅਤੇ ਸੁਰ ਨਿਕਲਦਾ ਹੈ। ਉਂਗਲੀ ਉਠਾ ਲੈਣ ਤੇ ਕਮਾਣੀ ਸਪਰਿੰਗ ਦਾ ਕੰਮ ਕਰਦੀ ਹੈ। ਪਰਦਾ ਆਪਣੀ ਜਗ੍ਹਾਂ ਵਾਪਸ ਆ ਜਾਂਦਾ ਹੈ ਅਤੇ ਰੀਡ ਦਾ ਛੇਦ ਦੁਆਰਾ ਬੰਦ ਹੋ ਜਾਂਦਾ ਹੈ।

(7) **ਕਿਸ਼ਤੀ** : ਰੀਡ ਬੋਰਡ ਦੇ ਹੇਠਾਂ ਇੱਕ ਤਖਤੀ ਹੁੰਦੀ ਹੈ। ਇਸ ਤਖਤੀ ਵਿੱਚ ਸਟਾਪਰ ਲੱਗੇ ਰਹਿੰਦੇ ਹਨ। ਸਟਾਪਰ ਬਾਹਰ ਖਿੱਚਣ ਤੋਂ ਧੌਂਕਣੀ ਦੀ ਹਵਾ ਕਿਸ਼ਤੀ ਵਿੱਚ ਆਉਣ ਲੱਗਦੀ ਹੈ। ਸਟਾਪਰ ਬੰਦ ਕਰ ਦੇਣ ਤੇ ਇਹ ਹਵਾ ਕਿਸ਼ਤੀ ਵਿੱਚੋਂ ਨਿਕਲਣੀ ਬੰਦ ਹੋ ਜਾਂਦੀ ਹੈ।

******



Downloaded from https:// www.studiestoday.com

Downloaded from https:// www.studiestoday.com

## ਪਾਠ-9

# ਰਾਗ ਭੂਪਾਲੀ

ਥਾਟ – ਕਲਿਆਣ

ਵਾਦੀ – ਗ (ਗੰਧਾਰ)

ਸਮਵਾਦੀ – ਧ (ਧੈਵਤ)

ਵਰਜਿਤ – ਮ ਨੀ (ਮਧਯਮ ਨਿਸ਼ਾਦ)

ਜਾਤੀ – ਔੜਵ, ਔੜਵ

ਗਾਣ ਵਜਾਉਣ ਦਾ ਸਮਾਂ – ਰਾਗ ਦਾ ਪਹਿਲਾ ਪਹਿਰ

**ਸਧਾਰਨ ਪਰਿਚੈ** : ਰਾਗ ਭੁਪਾਲੀ ਕਲਿਆਣ ਥਾਟ ਦਾ ਰਾਗ ਹੈ। ਇਸ ਵਿੱਚ ਸਾਰੇ ਸੁਰ ਸ਼ੁਧ ਲਗਦੇ ਹਨ। ਇਸ ਰਾਗ ਵਿੱਚ ਮ, ਨੀ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਦਾ ਗਾਣ ਵਜਾਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਹ ਪੁਰਵਾਂਗਵਾਦੀ ਰਾਗ ਹੈ। ਇਹ ਸਧਾਰਨ ਪ੍ਰਕਿਤੀ ਦਾ ਰਾਗ ਹੈ। ਇਸ ਰਾਗ ਵਿੱਚ ਗ, ਧ ਦੀ ਸੰਗਤ ਤੇ ਜ਼ੋਰ ਦਿੰਦੇ ਹਨ।

**ਅਰੋਹ** : ਸਾ ਰੇ ਗ ਪ ਧ ਸਾਂ।

**ਅਵਰੋਹ** : ਸਾਂ ਧ ਪ ਗ ਰੇ ਸਾ।

**ਪਕੜ** : ਗ ਰੇ ਸਾ .ਧ, ਸਾ ਰੇ ਗ ਪ, ਗ ਧ, ਪ ਗ ਰੇ ਸਾਂ।

**ਅਲਾਪ** : (1) ਸਾਰੇ – – ਸਾ ਧ਼ਾ – – ਪ਼.ਧ਼ – – ਸਾ ਰੇ ਗਾ – – ਰੇ ਸ।

(2) ਗ ਰੇ ਗ ਪ ਧ – – ਪ – – ਗ ਧ ਪ – – ਗ ਰੇ ਸਾ।



Downloaded from https:// www.studiestoday.com

Downloaded from https:// www.studiestoday.com

## ਭਜਨ (ਗੀਤ)

**ਸਥਾਈ :** ਗੁਰੂ ਤੋਰੇ ਚਰਨ ਕਮਲ ਪਰ ਵਾਰੀ
ਬਾਰ ਬਾਰ ਜਾਉ ਬਲਿਹਾਰੀ।

**ਅੰਤਰਾ :** ਬ੍ਰਹਮ ਵਿਸ਼ਨੂੰ ਮਹੇਸ਼ ਪੁਜਾ
ਇਸ਼ਵਰ ਸੇ ਵੀ ਬੜ ਮਹਿਮਾ ਨਿਆਰੀ।

## ਰਾਗ ਭੂਪਾਲੀ ਛੋਟਾ ਖਿਆਲ ਮੱਧ ਲੈਅ

ਸਥਾਈ ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਧ | ਸਾਂ | ਧ | ਪ | ਗ | ਰੇ | ਸਾ | ਰੇ | .ਧ | .ਧ | ਸਾ | ਰੇ | ਗ | ਰੇ | ਗ | -- |
| ਗੁ | ਰੂ | ਤੋ | ਰੇ | ਚ | ਰ | ਨ | ਕ | ਮ | ਲ | ਪ | ਰੇ | ਵ | ऽ | ਰੀ | ऽ |
| ਗ | ਰੇ | ਸਾ | ਧਾ | ਸਾ | ਰੇ | ਗ | ਪ | ਧ | ਸਾਂ | ਧ | ਪ | .ਗ | ਰੇ | ਸ | -- |
| ਬਾ | ऽ | ਰ | ਬ | ऽ | ਰ | ਜਾ | ऽ | ਉ | ऽ | ਬ | ਲਿ | ਗ | ऽ | ਰੀ | ऽ |
| **ਅੰਤਰਾ** | | | | | | | | | | | | | | | |
| ਗ | ਪ | ਧ | ਪ | ਧ | ਧ | ਸਾਂ | ਸਾਂ | ਧ | ਧ | ਸਾਂ | ਸਾਂ | ˙ਰੇ | ˙ਰੇ | ਸਾਂ | -- |
| ਬ੍ਰ | ऽ | ਹਮਾ | ऽ | ਵਿ | ऽ | ਸ਼ਨੂੰ | ਮ | ਹੇ | ऽ | ਸ਼ | ਹੁ | ਪੁ | ऽ | ਜਾ | ऽ |
| ਸਾਂ | ਗਾਂ | ˙ਰੇ | ਸਾਂ | ਧਂ | ਧ | ਪ | ਪ | ਧ | ਸਾਂ | ਧ | ਪ | ਗ | ਰੇ | ਸਾ | -- |
| ਇ | ऽ | ਸ਼ਵ | ਰ | ਸੇ | ਵੀ | ਬ | ਡ | ਮ | ਹਿ | ਮਾ | ऽ | ਨਿ | ਆ | ऽ | ਰੀ |
| **ਤਾਨਾ** | | | | | | | | | | | | | | | |
| ਗੁ | ਰੂ | ਤੋ | ਰੇ(1) | ਚ | ਰ | ਨ | ਕ 1 | ਸਰੇ | ਗਪ | ਧਪ | ਗਪ | ਧਪ | ਗਪ | ਗਰੇ | ਸਾ– |
| – | – | – | –(2) | – | – | – | – 2 | ਗਹੇ | ਸਾ.ਧ | ਸਾਰੇ | ਗਪ | ਧਪ | ਗਪ | ਗਰੇ | ਸਾ– |
| ਗੁ | ਰੂ | ਤੋ | ਰੇ(3) | ਗਹੇ | ਗਰੇ | ਗਰੇ | ਸਾਰੇ | ਸਾਰੇ | ਗਪ | ਧਪ | ਗਪ | ਧਪ | ਗਪ | ਗਰੇ | ਸਾ– |



Downloaded from https:// www.studiestoday.com

Downloaded from https:// www.studiestoday.com

## ਰਾਗ ਭੁਪਾਲੀ

### (ਸ਼ਬਦ)

ਹਮ ਅਵਗੁਣਿ ਭਰੇ ਏਕ ਗੁਣ ਨਾਹੀ ।।
ਅੰਮ੍ਰਿਤ ਛਾਡਿ ਬਿਖੈ ਬਿਖ ਖਾਲੀ ।।
ਮਾਯਾ ਮੋਹ ਭਰਮ ਪੈ ਭੂਲੇ ।।
ਸੁਤ ਦਾਰਾ ਸਿਉ ਪ੍ਰੀਤਿ ਲਗਾਈ ।।
ਇੱਕ ਉਦਮ ਪੰਥ ਸੁਨਿਓ ਗੁਰ ਸੰਗਤਿ ।।
ਤਿਹ ਮਿਲੰਤ ਜਮ ਤ੍ਰਾਸ ਮਿਟਾਈ ।।
ਇੱਕ ਅਰਦਾਸਿ ਭਾਟ ਕੀਰਤਿ ਦੀ,
ਗੁਰੂ ਰਾਮਦਾਸ ਰਾਖਹੁ ਸਰਟਾਈ।।

| ਸਥਾਈ | | | | ਰਾਗ ਭੁਪਾਲੀ | | | | | | | | ਤਿੰਨ ਤਾਲ | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | ਸਾਂ | – | ਧ | ਪ | ਗ | ਰੇ | ਸਾ | ਰੇ |
| | | | | | | | | ਗੁ | ਰ | ਰਾ | ਮਿ | ਦਾ | ਽ | ਸਿ | ਰਾ |
| ਧ | – | ਸਾ | ਰੇ | ਗ | ਰੇ | ਗ | – | ਰੇ | – | ਰੇ | – | ਰੇ | – | ਸਾ | ਰੇ |
| ਖ | ਉ | ਸ | ਰ | ਨਾ | ਽ | ਈ | ਽ | ਇ | ਕ | ਅ | ਰ | ਦਾ | ਽ | ਸਿ | ਭਾ |
| ਗ | ਪ | ਗ | ਰੇ | ਗ | ਰੇ | ਸਾ | – | | | | | | | | |
| ਽ | ਟ | ਕੀ | ਽ | ਰ | ਤਿ | ਕੀ | ਽ | | | | | | | | |
| **ਅੰਤਰਾ** | | | | | | | | ਗ | ਗ | ਗ | – | ਪ | – | ਧ | – |
| | | | | | | | | ਹਮ | ਅਵ | ਗੁਣਿ | ਽ | ਭ | ਽ | ਰੇ | ਽ |
| ਸਾਂ | – | ਸਾਂ | – | ਧ | ਰੇਂ | ਸਾਂ | – | ਸਾਂ | ਰੇਂ | ਗਾਂ | ਰੇਂ | ਸਾਂ | ਧ | ਪ | ਧ |
| ਏ | ਕ | ਗੁ | ਣ | ਨਾ | ਽ | ਹੀ | ਽ | ਅੰ | ਮ੍ਰਿ | 3 | ਽ | ਛਾ | ਽ | ਡਿ | ਬਿ |
| ਸਾਂ | – | ਸਾਂ | – | ਧ | ਰੇਂ | ਸਾਂ | – | ਸਾਂ | ਰੇਂ | ਗਾਂ | ਰੇਂ | ਸਾਂ | ਧ | ਪ | ਧ |
| ਖੈ | ਽ | ਬਿ | ਖ | ਖਾ | ਽ | ਈ | ਽ | ਅੰ | ਮ੍ਰਿ | ਤ | ਽ | ਛਾਂ | ਽ | ਡਿ | ਬਿ |
| ਸਾਂ | – | ਸਾਂ | – | ਧਸਾਂ | ਧਪ | ਗਰੇ | ਸ | | | | | | | | |
| ਖੈ | ਽ | ਬਿ | ਖ | ਖਾ಼ | ಽಽ | ਈ಼ | ಽಽ | | | | | | | | |

ਬਾਕੀ ਅੰਤਰੇ ਵੀ ਇਸੇ ਤਰ੍ਹਾਂ ਹੀ ਗਾਓ !



Downloaded from https:// www.studiestoday.com

Downloaded from https:// www.studiestoday.com

## ਪਾਠ-10

# ਰਾਗ ਦੁਰਗਾ

ਖਾਟ = ਬਿਲਾਵਲ

ਵਾਦੀ = ਮ (ਮਧਯਮ)

ਸਾਮਵਾਦੀ = ਸਾਂ (ਸ਼ੜਜ਼)

ਵਰਜਿਤ ਸੁਰ = ਗ, ਨੀ (ਗੰਧਾਰ, ਨਿਸ਼ਾਦ)

ਜਾਤੀ = ਔੜਵ-ਔੜਵ

ਗਾਣ, ਵਜਾਣ ਦਾ ਸਮਾਂ = ਰਾਤ ਦਾ ਦੂਸਰਾ ਪਹਿਰ

**ਸਧਾਰਨ ਪਰਿਚੈ** : ਰਾਗ ਦੁਰਗਾ ਬਿਲਾਵਲ ਖਾਟ ਦਾ ਰਾਗ ਹੈ। ਇਸ ਰਾਗ ਵਿਚ ਗ, ਨੀ ਸੁਰ ਵਰਜਿਤ ਹਨ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਔੜਵ-ਔੜਵ ਹੈ। ਇਸ ਦੀ ਸਮਵਾਦੀ ਸੁਰ ਸਾ ਸਾਮਵਾਦੀ ਦਾ ਹੈ ਤੇ ਗਾਣ ਵਜਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ।

ਅਰੋਹ - ਸਾ ਰੇ ਮ ਪ ਧ ਸਾਂ।

ਅਵਰੋਹ - ਸਾਂ ਧ ਪ ਮ ਰੇ ਸਾ।

ਪਕੜ - ਸਾ ਰੇ ਮ ਪ ਮ ਰੇ ਧ ਸਾਂ।

ਅਲਾਪ : 1. ਸ ਰੇ -- ਮ -- ਮ -- ਰੇ ਸਾ .ਧ ਧ ਸ ਰੇ ਸਾ।

2. ਸ ਰੇ ਮ -- ਪ -- ਧ -- ਸਾਂ ਧ ਪ -- ਮ ਪ਼ ਮ ਰੇ ਧ਼ ਸ --



Downloaded from https:// www.studiestoday.com

Downloaded from https:// www.studiestoday.com

## (ਭਜਨ)

**ਸਥਾਈ :** ਲਾਗੀ ਲਗਨ ਮੋਹੇ ਸ਼ਿਆਮ ਸੁੰਦਰ ਸੇ।
ਮੁਰਲੀ ਮਨੋਹਰ ਸ੍ਰੀ ਗਿਰਧਰ ਸੇ

**ਅੰਤਰਾ :** ਲੋਕ ਲਾਜ ਕੁਲ ਮਰਿਯਾਦਾ ਤਜਿ
ਹਾਥ ਬਿਕਾਨੀ ਰਾਧਾ ਵਰ ਕੇ!

## ਛੋਟਾ ਖਿਆਲ ਰਾਗ ਦੁਰਗਾ ਮੱਧ ਲੈਅ ਤਿੰਨ ਤਾਲਾ

**ਅੰਤਰਾ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਮ | ਪ | ਧ | ਪ | ਮ | ਰੇ | ਸਾ | ਰੇ | ਮ | – | ਪ | ਮ | ਰੇ | ਰੇ | ਸ | – |
| ਲਾ | ऽ | ਗੀ | ਲ | ਗ | ਨ | ਮੋ | ਰੇ | ਸ਼ਿਆ | ऽ | ਮ | ਸੁੰ | ਦ | ਰ | ਸੇ | ऽ |
| ਮ | ਰੇ | ਸਾ | ਧ਼ | ਸ | ਰੇ | ਮ | ਪ | ਧ | – | ਮ | ਪ | ਮ | ਰੇ | ਸ | – |
| ਮੁ | ਰ | ਲੀ | ਮ | ਨੋ | ऽ | ਹ | ਰ | ਸ੍ਰੀ | ऽ | ਗਿ | ਰ | ਧ | ਰੇ | ਸੇ | ऽ |
| **ਅੰਤਰਾ** | | | | | | | | | | | | | | | |
| ਮ | ਮ | ਪ | ਪ | ਸਾਂ | ਧ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਧ | ਸਾਂ | ਸਾਂ |
| ਲੋ | ऽ | ਕ | ਲਾ | ऽ | ਜ | ਕੁ | ਲ | ਮ | ਰ | ਯਾ | ऽ | ਦਾ | ऽ | ਤ | ਜਿ |
| ਧ | ਸਾਂ | ਰੇਂ | ਸਾਂ | ਧ | ਸਾਂ | ਧ | ਪ | ਮ | – | ਧ | ਪ | ਮ | ਰੇ | ਸਾ | – |
| ਹਾ | ऽ | ਥ | ਬਿ | ਕਾ | ऽ | ਨੀ | ऽ | ਰਾ | ऽ | ਧਾ | ऽ | ਵ | ਰ | ਕੇ | ऽ |
| **ਤਾਂਨਾ** | | | | | | | | | | | | | | | |
| ਲਾ | ऽ | ਗੀ | ਲ | ਗ | ਨ | ਮੋ | ਹੇ(1) | ਸਾਰੇ | ਮਪ | ਧਸਾਂ | ਰੇਂਸਾਂ | ਰੇਂਸਾਂ | ਧਪ | ਮਰੇ | ਸ– |
| – | – | – | – | – | – | – | –(2) | ਮਰੇ | ਸਾਧ਼ | ਸਰੇ | ਮਪ | ਧਪ | ਮਪ | ਮਰੇ | ਸਾ– |



Downloaded from https:// www.studiestoday.com

Downloaded from https:// www.studiestoday.com

**(ਸ਼ਬਦ)**

ਗੁਰ ਕੇ ਚਰਨ ਜੀਅ ਕਾ ਨਿਸਤਾਰਾ।।
ਸਮੁੰਦ ਸਾਗਰ ਜਿਨਿ ਖਿਨਿ ਮਹਿ ਤਾਰਾ।। ਰਹਾਉ।।
ਕੋਈ ਹੋਆ, ਕ੍ਰਮ ਰਤ, ਕੋਈ ਤੀਰਥ ਨਾਇਆ।।
ਦਾਸੀ ਹਰਿ ਕਾ ਨਾਮ ਧਿਆਇਆ।।
ਬੰਧਨ ਕਾਟਨਹਾਰੁ ਸੁਆਮੀ।।
ਜਨ ਨਾਨਕੁ ਸਿਮਰੈ ਅੰਤਰਜਾਮੀ।।

| **ਸਥਾਈ** | | | | | | | **ਰਾਗ ਦੁਰਗਾ** | | | | | | **ਤਿੰਨ ਤਾਲ** | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | ਧ | ਸਾਂ | ਧ | ਮ | ਮ | ਰੇ | ਸਾ | ਰੇ |
| | | | | | | | | ਗੁ | ਰ | ਕੇ | ऽ | ਚ | ਰ | ਨ | ਜੀਅ |
| ਪ | ਪ | ਪ | ਪ | ਧ | ਮ | ਪ | – | ਧ | ਸਾਂ | ਧ | ਪ | ਧ | ਮ | ਪ | ਪ |
| ਕਾ | ऽ | ਨਿ | ਸ | ਤਾ | ऽ | ਰਾ | ऽ | ਸ | ਮੁੰ | ਦੁ | ਸਾ | ਗ | ਰੁ | ਜਿ | ਨਿ |
| ਧਪ | ਮਪ | ਧਸਾਂ | ਧਪ | ਮਪ | ਧਪ | ਮਰੇ | ਸਾ | | | | | | | | |
| ਖਿਨ | ਨਿऽ | ਮऽ | ਹਿऽ | ਤਾ | ऽऽ | ਰਾ | ऽऽ | | | | | | | | |
| **ਅੰਤਰਾ** | | | | | | | | ਮ | ਮ | ਪ | ਪ | ਧ | – | ਪ | ਧ |
| | | | | | | | | ਕੋ | ਈ | ਹੋ | ਆ | ਕ੍ਰ | ਮ | ਰ | ਤੁ |
| ਸਾਂ | – | ਸਾਂ | – | ਰੇ | ਧ | ਸਾਂ | ਸਾਂ | ਸਾਂ | ਧ | ਸਾਂ | ਰੇ | ਸਾਂ | ਧ | ਪ | ਪ |
| ਕੋ | ਈ | ਤੀ | ਰਥ | ਨਾ | ऽ | ਇ | ਆ | ਦਾ | ऽ | ਸੀ | ऽ | ਹ | ਰਿ | ਕਾ | ऽ |
| ਮ | ਪ | ਧ | ਪ | ਮ | ਰੇ | ਸਾ | – | | | | | | | | |
| ਨਾ | ऽ | ਮੁ | ਧਿ | ਆ | ऽ | ਇ | ਆ | | | | | | | | |

ਬਾਕੀ ਅੰਤਰੇ ਵੀ ਇਸੇ ਤਰਾਂ ਹੀ ਗਾਓ !



Downloaded from https:// www.studiestoday.com

Downloaded from https:// www.studiestoday.com

# ਪਾਠ-11

# ਤਾਲਾਂ

## ਤਿੰਨ ਤਾਲ

**ਤਾਲ ਦੀ ਜਾਣ-ਪਛਾਣ** : ਤਿੰਨ ਤਾਲ 16 ਮਾਤਰਾਵਾਂ ਦੀ ਤਾਲ ਹੈ। ਇਸ ਨੂੰ ਤ੍ਰਿਤਾਲ ਵੀ ਕਹਿੰਦੇ ਹਨ। ਇਸ ਦੇ 4-4 ਮਾਤਰਾਵਾਂ ਦੇ 4 ਵਿਭਾਗ ਹੁੰਦੇ ਹਨ। ਇਸ ਵਿੱਚ 1, 5, 13 ਵੀ ਮਾਤਰਾ ਦੇ ਕ੍ਰਮਵਾਰ ਪਹਿਲੀ, ਦੂਸਰੀ ਅਤੇ ਤੀਸਰੀ ਤਾਲੀ ਹੈ। ਤਿੰਨ ਤਾਲ ਦੀ 9ਵੀਂ ਮਾਤਰਾ 'ਤੇ ਖਾਲੀ ਹੈ। ਇਹ ਤਬਲੇ ਦੀ ਤਾਲ ਹੈ ਇਹ ਤਾਲ ਗੀਤ, ਭਜਨ, ਸ਼ਬਦ ਅਤੇ ਸ਼ਾਸਤਰੀ ਸੰਗੀਤ ਨਾਲ ਵਜਾਈ ਜਾਂਦੀ ਹੈ।

| ਮੱਧ ਲੈਅ | | | | | ਤਿੰਨ ਤਾਲ | | | | | | | | ਇੱਕ ਗੁਣ | | | |
|---|---|---|---|---|---|---|---|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਤਾਲ ਦੇ ਬੋਲ | ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| ਚਿੰਨ | × | | | | 2 | | | | 0 | | | | 3 | | | |



Downloaded from https:// www.studiestoday.com

Downloaded from https:// www.studiestoday.com

## ਰੂਪਕ ਤਾਲ

**ਤਾਲ ਦੀ ਜਾਣ-ਪਛਾਣ** : ਰੂਪਕ ਤਾਲ ਦੀਆਂ ਕੁੱਲ ਸੱਤ ਮਾਤਰਾਵਾਂ ਹੁੰਦੀਆਂ ਹਨ। ਇਹਨਾਂ ਮਾਤਰਾਵਾਂ ਨੂੰ ਅਸੀਂ ਤਿੰਨ ਭਾਗਾਂ ਵਿੱਚ ਵੰਡਦੇ ਹਾਂ ; ਪਹਿਲੇ ਭਾਗ ਵਿੱਚ ਤਿੰਨ ਮਾਤਰਾ, ਦੂਸਰੇ ਅਤੇ ਤੀਸਰੇ ਭਾਗ ਵਿੱਚ ਦੋ-ਦੋ ਮਾਤਰਾਵਾਂ ਹੁੰਦੀਆਂ ਹਨ। ਪਹਿਲੀ ਮਾਤਰਾ ਤੇ ਸਮ ਜਾ ਖਾਲੀ, ਚੋਥੀ ਮਾਤਰਾ ਤੇ ਪਹਿਲੀ ਤਾਲੀ ਅਤੇ ਛੇਵੀਂ ਮਾਤਰਾ ਦੇ ਦੂਸਰੀ ਤਾਲੀ ਹੁੰਦੀ ਹੈ। ਇਹ ਤਾਲ, ਖਿਆਲ, ਗੀਤ, ਗਜ਼ਲਾਂ ਆਦਿ ਨਾਲ ਵਜਾਈ ਜਾਂਦੀ ਹੈ।

| **ਮੱਧ ਲੈਅ** | | | | **ਰੂਪਕ ਤਾਲ** | | **ਇੱਕ ਗੁਣ** | |
|---|---|---|---|---|---|---|---|
| ਮਾਤਰਾ ਬੋਲ | 1 | 2 | 3 | 4 | 5 | 6 | 7 |
| ਬੋਲ | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |
| ਚਿੰਨ | 0 | | | 2 | | 3 | |

* * * * * *



Downloaded from https:// www.studiestoday.com

Downloaded from https:// www.studiestoday.com

## ਭਾਗ ਤੀਜਾ

# ਅੱਠਵੀਂ ਸ਼੍ਰੇਣੀ ਲਈ

Downloaded from https:// www.studiestoday.com

Downloaded from https:// www.studiestoday.com

## ਪਾਠ-1

# ਜਾਤੀ ਕਿਸ ਨੂੰ ਕਹਿੰਦੇ ਹਨ (ਔੜਵ, ਸ਼ਾੜਵ, ਸੰਪੂਰਨ) ਤੇ ਉਪਜਾਤੀਆਂ

**ਜਾਤੀ:-** ਸਕਾਤਕ ਦੇ ਸਤ ਸਵਰਾਂ ਵਿੱਚੋਂ ਜਿੰਨ੍ਹੇ ਵੀ ਸਵਰ ਲਗਦੇ ਹਨ ਉਹਨਾਂ ਦੇ ਪ੍ਰਯੋਗ 'ਤੇ ਜਾਤੀ ਨਿਰਧਾਰਿਤ ਹੁੰਦੀ ਹੈ ਕਿਉਂਕੀ ਕਿਸੇ ਰਾਗ ਵਿੱਚ ਘੱਟ ਤੋਂ ਘੱਟ 5 ਅਤੇ ਵੱਧ ਤੋਂ ਵੱਧ 7 ਸਵਰ ਲਗਦੇ ਹਨ। ਇਹਨਾਂ ਸਵਰਾਂ ਦੀ ਭਿੰਨ-ਭਿੰਨ ਗਿਣਤੀ ਹੀ ਜਾਤੀ ਕਹਿਲਾਉਂਦੀ ਹੈ। ਜਾਤੀ ਤੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਕਿਸੇ ਰਾਗ ਵਿੱਚ ਕਿੰਨੇ ਸਵਰ ਲਗਦੇ ਹਨ। ਇਸ ਲਈ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਦੀ ਭਿੰਨ-ਭਿੰਨ ਗਿਣਤੀ ਦੇ ਆਧਾਰ ਤੇ ਮੁੱਖ ਤਿੰਨ ਜਾਤੀਆਂ ਮੰਨੀਆਂ ਜਾਂਦੀਆਂ ਹਨ:-

1. **ਸੰਪੂਰਨ ਜਾਤੀ,**
2. **ਸ਼ਾੜਵ ਜਾਤੀ,**
3. **ਔੜਵ ਜਾਤੀ**

1. **ਸੰਪੂਰਨ ਜਾਤੀ:-** ਜਿਸ ਰਾਗ ਵਿੱਚ ਪੂਰੇ ਸੱਤ ਸਵਰਾਂ ਦਾ ਪ੍ਰਯੋਗ ਹੋਵੇ ਉਸ ਨੂੰ ਸੰਪੂਰਨ ਜਾਤੀ ਦਾ ਰਾਗ ਕਹਿੰਦੇ ਹਨ।

2. **ਸ਼ਾੜਵ ਜਾਤੀ:-** ਜਿਸ ਰਾਗ ਵਿੱਚ ਸਪਤਕ ਦੇ ਸੱਤ ਸਵਰਾਂ ਵਿੱਚੋਂ ਕੋਈ ਇੱਕ ਸਵਰ ਵਰਜਿਤ ਕਰਕੇ ਛੇ ਸਵਰ ਪ੍ਰਯੋਗ ਹੋਣ ਉਸ ਨੂੰ ਸ਼ਾੜਵ ਜਾਤੀ ਦਾ ਰਾਗ ਕਹਿੰਦੇ ਹਨ।

3. **ਔੜਵ ਜਾਤੀ:-** ਜਿਸ ਰਾਗ ਵਿੱਚ ਸਪਤਕ ਦੇ ਕੋਈ ਦੋ ਸਵਰ ਵਰਜਿਤ ਕਰਕੇ ਕੋਈ ਵੀ ਪੰਜ ਸਵਰ ਪ੍ਰਯੋਗ ਹੋਣ ਉਸ ਰਾਗ ਨੂੰ ਔੜਵ ਜਾਤੀ ਦਾ ਰਾਗ ਕਹਿੰਦੇ ਹਨ।



Downloaded from https:// www.studiestoday.com

Downloaded from https:// www.studiestoday.com

ਇਹਨਾਂ ਤਿੰਨ ਮੁੱਖ ਜਾਤੀਆਂ ਤੋਂ ਇਲਾਵਾ ਅਰੋਹ-ਅਵਰੋਹ ਦੇ ਆਧਾਰ ਤੇ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰਾਂ ਦੀ ਗਿਣਤੀ ਦੇ ਆਧਾਰ ਤੇ ਰਾਗ ਦੀਆਂ ਕੁੱਲ 9 ਉਪਜਾਤੀਆਂ ਬਣਦੀਆਂ ਹਨ। ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. ਸੰਪੂਰਨ-ਔੜਵ ਜਾਤੀ
2. ਸੰਪੂਰਨ-ਸ਼ਾੜਵ ਜਾਤੀ
3. ਸੰਪੂਰਨ-ਸੰਪੂਰਨ ਜਾਤੀ
4. ਸ਼ਾੜਵ-ਔੜਵ ਜਾਤੀ
5. ਸ਼ਾੜਵ- ਸ਼ਾੜਵ ਜਾਤੀ
6. ਸ਼ਾੜਵ-ਸੰਪੂਰਨ ਜਾਤੀ
7. ਔੜਵ-ਔੜਵ ਜਾਤੀ
8. ਔੜਵ- ਸ਼ਾੜਵ ਜਾਤੀ
9. ਔੜਵ-ਸੰਪੂਰਨ ਜਾਤੀ

1. **ਸੰਪੂਰਨ-ਔੜਵ**:- ਜਿਸ ਰਾਗ ਦੇ ਆਰੋਹ ਵਿੱਚ ਪੂਰੇ ਸੱਤ ਸਵਰ ਅਤੇ ਅਵਰੋਹ ਵਿੱਚ ਕੋਈ ਦੋ ਸਵਰ ਵਰਜਿਤ ਕਰਕੇ ਪੰਜ ਸਵਰ ਲਗਣ ਉਸ ਨੂੰ ਸੰਪੂਰਨ-ਔੜਵ ਦਾ ਰਾਗ ਕਹਿੰਦੇ ਹਨ।

2. **ਸੰਪੂਰਨ-ਸ਼ਾੜਵ**:- ਜਿਸ ਰਾਗ ਦੇ ਆਰੋਹ ਵਿੱਚ ਪੂਰੇ ਸੱਤ ਸਵਰ ਅਤੇ ਅਵਰੋਹ ਵਿੱਚ 6 ਸਵਰਾਂ ਦਾ ਪ੍ਰਯੋਗ ਹੋਵੇ ਉਸ ਨੂੰ ਸੰਪੂਰਨ-ਸ਼ਾੜਵ ਜਾਤੀ ਦਾ ਰਾਗ ਕਹਿੰਦੇ ਹਨ।

3. **ਸੰਪੂਰਨ-ਸੰਪੂਰਨ**:- ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਸੱਤ-ਸੱਤ ਸਵਰ ਲਗਨ ਉਸ ਨੂੰ ਸੰਪੂਰਨ-ਸੰਪੂਰਨ ਜਾਤੀ ਦਾ ਰਾਗ ਕਹਿੰਦੇ ਹਨ।

4. **ਸ਼ਾੜਵ-ਔੜਵ**:- ਜਿਸ ਰਾਗ ਦੇ ਆਰੋਹ ਵਿੱਚ ਛੇ ਸਵਰ ਅਤੇ ਅਵਰੋਹ ਵਿੱਚ ਪੰਜ ਸਵਰ ਲਗਣ ਉਹ ਸ਼ਾੜਵ-ਔੜਵ ਜਾਤੀ ਦਾ ਰਾਗ ਹੈ।

5. **ਸ਼ਾੜਵ-ਸ਼ਾੜਵ**:- ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਛੇ-ਛੇ ਸਵਰਾਂ ਦਾ ਪ੍ਰਯੋਗ ਹੋਵੇ ਸ਼ਾੜਵ- ਸ਼ਾੜਵ ਜਾਤੀ ਦਾ ਰਾਗ ਕਹਿਲਾਉਂਦਾ ਹੈ।

6. **ਸ਼ਾੜਵ-ਸੰਪੂਰਨ**:- ਜਿਸ ਵਿੱਚ ਦੇ ਆਰੋਹ ਵਿੱਚ 6 ਸਵਰ ਅਤੇ ਅਵਰੋਹ ਵਿੱਚ ਸੱਤ ਸਵਰ ਲੱਗਣ ਉਹ ਸ਼ਾੜਵ-ਸੰਪੂਰਨ ਜਾਤੀ ਦਾ ਰਾਗ ਕਹਿਲਾਏਗਾ।



Downloaded from https:// www.studiestoday.com

Downloaded from https:// www.studiestoday.com

7. **ਔੜਵ-ਔੜਵ**:- ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ 5-5 ਸਵਰਾਂ ਦਾ ਪ੍ਰਯੋਗ ਹੋਵੇ ਔੜਵ-ਔੜਵ ਜਾਤੀ ਦਾ ਰਾਗ ਕਹਿਲਾਉਂਦਾ ਹੈ।

8. **ਔੜਵ-ਸ਼ਾੜਵ**:- ਜਿਸ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਵਿੱਚ 6 ਸਵਰ ਲੱਗਣ ਔੜਵ-ਸ਼ਾੜਵ ਜਾਤੀ ਦਾ ਰਾਗ ਹੋਵੇਗਾ।

9. **ਔੜਵ-ਸੰਪੂਰਨ**:- ਜਿਸ ਰਾਗ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਵਿੱਚ ਪੂਰੇ 7 ਸਵਰਾਂ ਦਾ ਪ੍ਰਯੋਗ ਹੋਵੇ ਉਹ ਔੜਵ-ਸੰਪੂਰਨ ਜਾਤੀ ਦਾ ਰਾਗ ਹੋਵੇਗਾ।

* * * * * *



Downloaded from https:// www.studiestoday.com

Downloaded from https:// www.studiestoday.com

# ਪਾਠ-2
# ਪਰਿਭਾਸ਼ਾ

## ਮਾਤਰਾ

ਸੰਗੀਤ ਵਿੱਚ ਸਮੇਂ ਦੇ ਮਾਪ (ਨਾਪ) ਦਾ ਸਭ ਤੋਂ ਛੋਟਾ ਪੈਮਾਨਾ ਮਾਤਰਾ ਹੈ। ਜਿਸ ਤਰ੍ਹਾਂ ਤੋਲ ਨਾਪਣ ਦੇ ਲਈ ਗ੍ਰਾਮ ਕਿਲੋਗ੍ਰਾਮ, ਲੰਬਾਈ ਨਾਪਣ ਲਈ ਮੀਟਰ ਸੈਂਟੀਮੀਟਰ, ਸਮਾਂ ਨਾਪਣ ਲਈ ਘੰਟਾ ਮਿਨਟ ਸੈਕਿੰਡ ਆਦਿ ਹਨ ਉਸੇ ਤਰ੍ਹਾਂ, ਸੰਗੀਤ ਦੇ ਸਮੇਂ ਨੂੰ ਨਾਪਣ ਲਈ ਮਾਤਰਾ ਬਣਾਈ ਗਈ ਹੈ। ਸੰਗੀਤ ਵਿੱਚ ਮਾਤਰਾ ਇਕ ਅਜੇਹੀ ਇਕਾਈ ਹੈ ਜਿਸ ਦੇ ਮਾਪਨ ਤੋਂ ਤਾਲ ਨੂੰ ਨਾਪਿਆ ਜਾ ਸਕਦਾ ਹੈ। ਮਾਤਰਾ ਦੇ ਵਿੱਚਕਾਰਲਾ ਮਾਪ ਗਾਇਕ ਵਾਦਕ ਆਪਣੀ ਇੱਛਾ ਅਨੁਸਾਰ ਘੱਟ ਜਾ ਵੱਧ ਕਰ ਸਕਦਾ ਹੈ। ਹਰੇਕ ਤਾਲ ਦੀਆਂ ਅਲਗ-ਅਲਗ ਮਾਤਰਾਵਾਂ ਹੁੰਦੀਆਂ ਹਨ ਜਿਵੇਂ ਕਹਿਰਵਾ ਤਾਲ ਦੀਆਂ ਅੱਠ, ਤਿੰਨ ਤਾਲ ਦੀਆਂ ਸੋਲ੍ਹਾ ਮਾਤਰਾਵਾਂ।

## ਸਮ

ਜਿਸ ਮਾਤਰਾ ਤੋਂ ਤਾਲ ਸ਼ੁਰੂ ਕੀਤੀ ਜਾਂਦੀ ਹੈ ਉਸ ਨੂੰ ਸਮ ਕਹਿੰਦੇ ਹਨ। ਤਾਲ ਦਾ ਸਮ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾ ਹੈ। ਤਾਲ ਵਿੱਚ ਸਮ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਅਤੇ ਇਸ ਤੇ ਵਿਸ਼ੇਸ਼ ਤਰ੍ਹਾਂ ਦਾ ਜ਼ੋਰ ਦਿੱਤਾ ਜਾਂਦਾ ਹੈ ਜਿਸ ਤੋਂ ਹੋਰ ਮਾਤਰਾਵਾਂ ਤੋਂ ਅਲਗ ਹੀ ਪਹਿਚਾਨ ਹੋ ਜਾਂਦੀ ਹੈ। ਕਿਸੇ ਵੀ ਗਾਇਨ ਦੀ ਜਾਂ ਵਾਦਨ ਦੇ ਨਾਲ ਤਾਲ ਦੀ ਸੰਗਤ ਸਮ ਤੋਂ ਸ਼ੁਰੂ ਅਤੇ ਸਮਾਪਤੀ ਵੀ ਸਮ ਤੋਂ ਹੁੰਦੀ ਹੈ। ਸਮ ਦੀ ਪਹਿਚਾਨ ਦੇ ਲਈ ਤਾਲ ਲਿਪੀ ਵਿੱਚ (×) ਦਾ ਚਿੰਨ੍ਹ ਲਗਾਇਆ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

## ਵਿਭਾਗ

ਹਰੇਕ ਤਾਲ ਦੇ ਬੋਲਾਂ ਦੀ ਅਸਾਨੀ ਦੇ ਲਈ ਕੁਝ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ ਉਸ ਨੂੰ ਵਿਭਾਗ ਕਿਹਾ ਜਾਂਦਾ ਹੈ ਜਿਵੇਂ ਤਿੰਨੇ ਤਾਲ ਦੀਆਂ ਸੋਲ੍ਹਾਂ ਮਾਤਰਾਵਾਂ ਦੇ ਇਕ ਪੂਰੇ ਆਵਰਤਨ (ਚਕੱਰ) ਨੂੰ ਚਾਰ-ਚਾਰ ਮਾਤਰਾਵਾਂ ਦੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਤਰ੍ਹਾਂ ਤਿੰਨ ਤਾਲ ਦੇ ਚਾਰ-ਵਿਭਾਗ ਹੋਏ। ਹਰੇਕ ਤਾਲ ਦੇ ਵਿਭਾਗ ਅਤੇ ਹਰੇਕ ਵਿਭਾਗ ਦੀ ਮਾਤਰਾ ਦੀ ਸੰਖਿਆ ਨਿਸ਼ਚਿਤ ਹੁੰਦੀ ਹੈ।

## ਤਾਲੀ

ਜਦੋਂ ਅਸੀਂ ਹੱਥ ਨਾਲ ਕੋਈ ਤਾਲ ਵਜਾਉਂਦੇ ਹਾਂ ਜਾਂ ਗਾਇਨ ਵਾਦਨ ਵਿੱਚ ਹੱਥ ਨਾਲ ਤਾਲ ਦਿੰਦੇ ਹਾਂ ਉਸ ਵਕਤ ਜਿਹੜੀ ਤਾਲੀ ਵਜਾਉਂਦੇ ਹਾਂ ਉਸ ਨੂੰ ਤਾਲੀ ਕਹਿੰਦੇ ਹਾਂ। ਕਿਸੇ ਇੱਕ ਤਾਲ ਵਿੱਚ ਕਈ ਤਾਲੀਆਂ ਹੁੰਦੀਆਂ ਹਨ ਜਿਵੇਂ ਤਿੰਨਤਾਲ ਵਿੱਚ 1, 5, 13 ਵੀਂ ਮਾਤਰਾ ਤੇ ਤਾਲੀ ਆਉਂਦੀ ਹੈ। ਤਾਲੀ ਤਾਲ ਦੇ ਹਰ ਵਿਭਾਗ ਦੀ ਪਹਿਲੀ ਮਾਤਰਾ ਤੇ ਹੁੰਦੀ ਹੈ। ਤਾਲ ਵਿੱਚ ਸਮ ਤੋਂ ਇਲਾਵਾ ਤਾਲੀ ਨੂੰ ਵੀ ਜ਼ੋਰ ਨਾਲ ਵਜਾ ਕੇ ਦਿਖਾਇਆ ਜਾਂਦਾ ਹੈ ਪਰ ਸਮ ਨਾਲੋ ਕੁਝ ਘੱਟ ਜ਼ੋਰ ਨਾਲ ਦਿਖਾਉਂਦੇ ਹਾਂ। ਤਾਲੀ ਨੂੰ 'ਭਰੀ' ਵੀ ਕਿਹਾ ਜਾਂਦਾ ਹੈ। ਲਿਖਣ ਵਿੱਚ ਤਾਲੀ ਦਾ ਚਿੰਨ੍ਹ 2, 3, 4 ਆਦਿ ਸੰਖਿਆ ਦਾ ਪ੍ਰਯੋਗ ਹੁੰਦਾ ਹੈ।

## ਖਾਲੀ

ਜਦੋ ਅਸੀਂ ਤਾਲ ਵਜਾਉਂਦੇ ਹੋਏ ਜਿਵੇਂ ਤਾਲੀ ਆਉਣ ਤੇ ਆਵਾਜ਼ ਜਾਂ ਚੋਟ ਦਿੰਦੇ ਹਾਂ ਉਸ ਦੇ ਉਲਟ ਖਾਲੀ ਤੇ ਅਸੀਂ ਹੱਥ ਨੂੰ ਹਲਕਾ ਜਿਹਾ ਹਵਾ ਵਿੱਚ ਝਟਕ ਦਿੰਦੇ ਹਾਂ ਅਰਥਾਤ ਆਵਾਜ਼ ਨਹੀਂ ਕਰਦੇ ਉਹ ਖਾਲੀ ਹੋਵੇਗੀ। ਖਾਲੀ ਦਾ ਸਥਾਨ ਆਮਤੌਰ ਤੇ ਤਾਲ ਦੇ ਮਾਤਰਾਵਾਂ ਦੇ ਵਿਚਕਾਰ ਜਿਹਾ ਹੁੰਦਾ ਹੈ ਜਿਵੇਂ ਤਿੰਨਤਾਲ ਦੀ 9ਵੀਂ ਮਾਤਰਾ ਤੇ ਖਾਲੀ ਹੈ। ਤਾਲ ਲਿੱਪੀ ਲਿਖਦੇ ਸਮੇਂ ਖਾਲੀ ਨੂੰ '0' ਦੇ ਚਿੰਨ੍ਹ ਨਾਲ ਦਿਖਾਇਆ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

## ਆਵਰਤਨ

ਜਦ ਕਿਸੀ ਤਾਲ ਨੂੰ ਵਜਾਉਂਦੇ ਹੋਏ ਉਸ ਦੀਆਂ ਪੂਰੀਆਂ ਮਾਤਰਾਵਾਂ ਨੂੰ ਪੂਰਾ ਵਜਾ ਕੇ ਫਿਰ ਸਮ ਤੱਕ ਆਉਂਦੇ ਹਾਂ, ਆਵਰਤਨ ਕਹਿਲਾਉਂਦਾ ਹੈ ਜਿਵੇਂ ਤਿੰਨਤਾਲ ਦੀਆਂ 16 ਮਾਤਰਾਵਾਂ ਨੂੰ ਇਕ ਵਾਰੀ ਪੂਰਾ ਵਜਾ ਲੈਣ ਨੂੰ ਇੱਕ ਆਵਰਤਨ ਕਹਾਂਗੇ। ਜਿਵੇਂ ਘੜੀ ਦੀਆਂ ਸੁਈਆਂ 12 ਵਜੇ ਤੋਂ ਚਲ ਕੇ ਆਪਣਾ ਪੂਰਾ ਚੱਕਰ ਕਰਕੇ ਫਿਰ 12 ਵਜੇ ਤਕ ਪਹੁੰਚਣ, ਇਕ ਆਵਰਤਨ ਜਾਂ ਚੱਕਰ ਕਹਿਲਾਏਗਾ। ਗਾਉਣ ਵਜਾਉਣ ਦੇ ਨਾਲ-ਨਾਲ ਇਹ ਆਵਰਤਨ ਚਲਦਾ ਰਹਿੰਦਾ ਹੈ। ਜਦੋਂ ਤਕ ਗਉਣਾ ਜਾਂ ਵਜਾਉਣਾ ਨਹੀਂ ਖ਼ਤਮ ਹੁੰਦਾ ਤਾਲ ਦਾ ਆਵਰਤਨ ਚਲਦਾ ਰਹਿੰਦਾ ਹੈ।

******



Downloaded from https:// www.studiestoday.com

Downloaded from https:// www.studiestoday.com

## ਪਾਠ-3

# ਗਾਇਕ ਦੇ ਗੁਣ ਅਤੇ ਔਂਗੁਣ

ਸੰਗੀਤ ਦਾ ਸਿੱਧਾ ਸਬੰਧ ਸਰੋਤਿਆਂ ਨੂੰ ਆਨੰਦ ਦੇਣਾ ਹੁੰਦਾ ਹੈ। ਕੋਈ ਵੀ ਗਾਇਕ ਵਾਦਕ ਜਾਂ ਨ੍ਰਿਤਕਾਰ ਆਪਣੀ ਕਲਾ ਰਾਹੀਂ ਸਰੋਤਿਆਂ ਨੂੰ ਖੁਸ਼ ਕਰਦਾ ਹੈ ਤਾਂ ਹੀ ਉਹ ਕੁਸ਼ਲ ਸੰਗੀਤਕਾਰ ਕਹਲਾਉਂਦਾ ਹੈ। ਕਿਸੀ ਵੀ ਕੰਮ ਲੂੰ ਠੀਕ ਢੰਗ ਨਾਲ ਕਰਨ ਦੇ ਕੁੱਝ ਨਿਯਮ ਹੁੰਦੇ ਹਨ ਜਿਸ ਦੇ ਆਧਾਰ ਤੇ ਕੋਈ ਵੀ ਕੰਮ ਠੀਕ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ ਕਿਉਂਕਿ ਸਮੇਂ ਅਤੇ ਸਥਾਨ ਦੇ ਪਰਿਵਰਤਨ ਨਾਲ ਗੁਣ, ਦੋਸ਼ ਬਣ ਸਕਦਾ ਹੈ। ਇੱਕ ਸਧਾਰਣ ਗਾਇਕ ਸਰੋਤਿਆਂ ਤੇ ਤਾਂ ਹੀ ਪ੍ਰਭਾਵ ਪਾ ਸਕਦਾ ਹੈ ਜੇਕਰ ਉਸ ਨੂੰ ਲੈਅ ਤਾਲ ਦਾ ਪੂਰਾ ਗਿਆਨ ਹੋਵੇ। ਅੱਜ ਦੇ ਵਿਦਿਆਰਥੀ ਜਲਦੀ ਹੀ ਮੰਚ ਤੇ ਮਸ਼ਹੂਰ ਹੋਣ ਦੇ ਲਈ ਗਾਇਨ ਦੇ ਹਰ ਅੰਗ ਨੂੰ ਮੰਨਮਰਜ਼ੀ ਨਾਲ ਕਰਦੇ ਹਨ। ਗਾਇਕ ਨੂੰ ਗਾਇਨ ਦੇ ਗੁਣਾਂ ਅਤੇ ਔਗੁਣਾ ਦੇ ਵਲ ਧਿਆਲ ਦੇਣਾ ਚਾਹੀਦਾ ਹੈ ਅਤੇ ਔਗੁਣਾਂ ਨੂੰ ਛੱਡ ਦੇਣਾ ਚਾਹੀਦਾ ਹੈ।

**ਗਾਇਕ ਦੇ ਗੁਣ :-**

1. ਜਿਸ ਦੀ ਆਵਾਜ਼ ਵਿੱਚ ਮਧੁਰਤਾ ਅਤੇ ਸੁਰੀਲਾਪਨ ਹੋਵੇ।
2. ਜਿਹੜਾ ਸੰਗੀਤ ਨਾਲ ਸਬੰਧਤ ਗਿਆਨ ਅਤੇ ਉਸਦੇ ਕਿਰਿਆਤਮਕ ਰੂਪ ਦੀ ਜਾਣਕਾਰੀ ਰੱਖਣ ਵਾਲਾ ਹੋਵੇ।



Downloaded from https:// www.studiestoday.com

Downloaded from https:// www.studiestoday.com

3. ਜਿਹੜਾ ਗਾਇਨ ਅਤੇ ਵਾਦਨ ਦੇ ਸਾਰੇ ਅੰਗਾਂ ਅਤੇ ਸ਼ੈਲੀਆਂ ਦਾ ਗਿਆਨ ਰੱਖਣ ਵਾਲਾ ਹੋਵੇ।
4. ਜਿਹੜਾ ਸਵਰਾਂ ਦੇ ਸ਼ੁੱਧ, ਕੋਮਲ, ਤੀਵਰ ਰੂਪਾਂ ਦਾ ਪੂਰਾ ਗਿਆਨ ਰੱਖਣ ਵਾਲਾ ਹੋਵੇ।
5. ਗਾਇਕ ਨੂੰ ਰਾਗ ਪੇਸ਼ ਕਰਦੇ ਸਮੇਂ ਰਾਗ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ।
6. ਉਹ ਆਪਣੇ ਸੰਗੀਤ ਦੇ ਨਾਲ ਭਾਸ਼ਾ ਅਤੇ ਸਾਹਿਤ ਦਾ ਗਿਆਨ ਰੱਖਣ ਵਾਲਾ ਅਤੇ ਸ਼ੁੱਧ ਉਚਾਰਣ ਕਰਨ ਵਾਲਾ ਹੋਵੇ।
7. ਜਿਸ ਨੂੰ ਆਪਣੀ ਆਵਾਜ਼ ਤੇ ਪੂਰਾ ਅਧਿਕਾਰ ਹੋਵੇ ਅਤੇ ਉਹ ਸਾਰੇ ਸਪਤਕਾਂ ਦਾ ਸਫਲਤਾ ਪੂਰਵਕ ਪ੍ਰਯੋਗ ਕਰ ਸਕੇ।
8. ਜਿਹੜਾ ਮੇਹਨਤੀ ਅਤੇ ਸਾਧਨਾ ਕਰਨ ਵਾਲਾ ਅਤੇ ਰੰਗਮੰਚ ਤੇ ਨਿਡਰ ਹੋ ਕੇ ਬੈਠ ਸਕੇ।

**ਗਾਇਕ ਦੇ ਔਗੁਣ :-**

1. ਗਾਇਕ ਨੂੰ ਦੰਦ ਪੀਸ ਕੇ ਨਹੀਂ ਗਾਉਣਾ ਚਾਹੀਦਾ।
2. ਉਸ ਦੇ ਗਾਇਨ ਵਿੱਚ ਨਿਮਰਤਾ ਨਹੀਂ ਹੋਣੀ ਚਾਹੀਦੀ।
3. ਗਾਇਕ ਨੂੰ ਗਾਉਂਦੇ ਵੇਲੇ ਡਰ ਮਹਿਸੂਸ ਨਹੀਂ ਹੋਣਾ ਚਾਹੀਦਾ ਹੈ।
4. ਕੰਬਦੀ ਅਵਾਜ਼ ਵਿੱਚ ਜਾਂ ਮੂੰਹ ਫਾੜ ਕੇ ਗਾਉਣਾ ਵੀ ਇੱਕ ਔਗੁਣ ਹੈ।
5. ਬੇਤਾਲਾ ਗਾਉਣਾ।
6. ਮੂੰਹ ਟੇਡਾ ਕਰਕੇ ਤੇ ਹੱਥ ਪੈਰ ਪਟਕ-ਪਟਕ ਕੇ ਗਾਉਣਾ ਜਾਂ ਅੱਖਾਂ ਬੰਦ ਕਰਕੇ ਗਾਉਣਾ।
7. ਗਾਉਣ ਵਿੱਚ ਵਰਜਿਤ ਸੁਰ ਲਾਉਣਾ ਇਹ ਵੀ ਬਹੁਤ ਵੱਡਾ ਦੋਸ਼ ਹੈ। ਇਹ ਕੰਮ ਯੋਗ ਗਾਇਕ ਹੀ ਕਰ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

8. ਸ੍ਵਰ ਉਚਾਰਣ ਠੀਕ ਨਾ ਹੋਣਾ ਤੇ ਸਪਤਕ ਦੀ ਯੋਗ ਆਵਾਜ ਤੇ ਨਾ ਪਹੁੰਚਣਾ।
9. ਭਿਆਨਕ ਰੂਪ ਨਾਲ ਮੂੰਹ ਖੋਲਕੇ ਗਾਉਣਾ।
10. ਜਿਸ ਨੂੰ ਗਮਕ ਆਦਿ ਨਿਯਮਾਂ ਦਾ ਗਿਆਨ ਨਾ ਹੋਵੇ।
11. ਤਬਲੇ ਤੇ ਬੇਤਾਲਾ ਹੋਣਾ ਅਤੇ ਲੈਅ ਦੀ ਸਮਝ ਨਾ ਹੋਣੀ।

******



Downloaded from https:// www.studiestoday.com

Downloaded from https:// www.studiestoday.com

# ਪਾਠ-4

# ਥਾਟ

ਸੱਤ ਸਵਰਾਂ ਦੇ ਉਸ ਸਮੂਹ ਨੂੰ ਜਿਸ ਵਿੱਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ ਉਸ ਨੂੰ ਥਾਟ ਕਹਿੰਦੇ ਹਨ। ਥਾਟ ਨੂੰ 'ਮੇਲ' ਵੀ ਕਿਹਾ ਜਾਂਦਾ ਹੈ।

ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਥਾਟ ਜਾਂ ਮੇਲ ਸਵਰਾਂ ਦੇ ਉਸ ਸਮੂਹ ਨੂੰ ਕਹਿੰਦੇ ਹਨ ਜਿਸ ਵਿੱਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ।"

**ਲਕਸ਼ਣ ਜਾਂ ਨਿਯਮ :-**

1. ਹਰੇਕ ਰਾਗ ਵਿੱਚ ਹਮੇਸ਼ਾ ਸੱਤ ਸਵਰ ਹੋਣੇ ਚਾਹੀਦੇ ਹਨ।
2. ਥਾਟ ਵਿੱਚ ਸਵਰ ਹਮੇਸ਼ਾ ਕ੍ਰਮ ਵਿੱਚ ਹੋਣੇ ਚਾਹੀਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
3. ਥਾਟ ਸੰਪੂਰਨ ਹੋਣ ਦੇ ਕਾਰਣ ਆਰੋਹ ਤੋਂ ਵੀ ਕਿਸੀ ਥਾਟ ਦਾ ਪਤਾ ਚਲ ਸਕਦਾ ਹੈ ਇਸ ਲਈ ਅਵਰੋਹ ਦੀ ਜਰੂਰਤ ਨਹੀਂ ਹੈ।
4. ਥਾਟ ਵਿੱਚ ਇਕ ਸਵਰ ਦੇ ਦੋਵੇਂ ਰੂਪ ਨਹੀਂ ਪ੍ਰਯੋਗ ਕੀਤੇ ਜਾ ਸਕਦੇ।
5. ਥਾਟ ਗਾਇਆ-ਵਜਾਇਆ ਨਹੀਂ ਜਾਂਦਾ ਇਸ ਲਈ ਇਸ ਵਿੱਚ ਵਾਦੀ ਸਮਵਾਦੀ ਪਕੜ, ਸਮਾਂ ਜਾਤੀ ਆਦਿ ਦੀ ਜ਼ਰੂਰਤ ਨਹੀਂ ਹੁੰਦੀ।
6. ਥਾਟ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਨਹੀਂ।



Downloaded from https:// www.studiestoday.com

Downloaded from https:// www.studiestoday.com

7. ਥਾਟ ਦਾ ਨਾਂ ਉਸ ਦੇ ਅੰਤ ਵਿੱਚ ਆਏ ਕਿਸੇ ਪ੍ਰਸਿੱਧ ਰਾਗ ਦੇ ਨਾਂ ’ਤੇ ਰਖਿਆ ਜਾਂਦਾ ਹੈ।
8. ਥਾਟ ਨੂੰ ‘ਜਨਕ-ਥਾਟ’ ਵੀ ਕਿਹਾ ਜਾਂਦਾ ਹੈ।
9. ਥਾਟ ਦੀ ਸੰਖਿਆ ਦਸ ਮੰਨੀ ਜਾਂਦੀ ਹੈ।
10. ਗਣਿਤ ਦੇ ਆਧਾਰ ਤੇ ਸਿਰਫ 72 ਥਾਟ ਬਣ ਸਕਦੇ ਹਨ ਇਸ ਤੋਂ ਘੱਟ ਜਾਂ ਜ਼ਿਆਦਾ ਨਹੀਂ।

**ਸ਼੍ਰੀ ਵਿਸ਼ਣੂ ਨਾਰਾਇਣ ਭਾਤਖੰਡੇ ਜੀ ਦੇ ਦਸ ਥਾਟ-**

1. **ਬਿਲਾਵਲ ਥਾਟ** :- ਇਸ ਵਿੱਚ ਸਾਰੇ ਸਵਰ ਸ਼ੁਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।
2. **ਕਲਿਆਣ ਥਾਟ** :- ਇਸ ਥਾਟ ਵਿੱਚ ਮ ਤੀਵਰ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗ ਮੰ ਪ ਧ ਨੀ।
3. **ਖਮਾਜ ਥਾਟ** :- ਇਸ ਵਿੱਚ ਨੀ ਕੋਮਲ ਬਾਕੀ ਦੇ ਸਵਰ ਸ਼ੁਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੁੀ।
4. **ਕਾਫੀ ਥਾਟ** :- ਇਸ ਥਾਟ ਵਿੱਚ ਗ ਨੀ ਕੋਮਲ ਬਾਕੀ ਸਾਰੇ ਸਵਰ ਸ਼ੁਧ ਲਗਦੇ ਹਨ ਜਿਵੇਂ ਸ ਰੇ ਗੁ ਮ ਪ ਧ ਨੁੀ।
5. **ਆਸਾਵਰੀ ਥਾਟ** :- ਇਸ ਥਾਟ ਵਿੱਚ ਗ ਧ ਨੀ ਕੋਮਲ ਅਤੇ ਬਾਕੀ ਦੇ ਸਾਰ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇ ਗੁ ਮ ਪ ਧੁ ਨੁੀ।
6. **ਭੈਰਵੀ ਥਾਟ** :- ਇਸ ਥਾਟ ਵਿੱਚ ਰੇ ਗ ਧ ਨੀ ਕੋਮਲ ਅਤੇ ਬਾਕੀ ਸਵਰ ਸ਼ੁੱਧ ਲਗਦੇ ਹਨ ਜਿਵੇਂ ਸ ਰੇੁ ਗੁ ਮ ਪ ਧੁ ਨੁੀ।
7. **ਭੈਰਵ ਥਾਟ** :- ਇਸ ਥਾਟ ਵਿੱਚ ਰੇ ਧ ਕੋਮਲ ਅਤੇ ਬਾਕੀ ਸਾਰੇ ਸਵਰ ਸ਼ੁਧ ਹਨ ਜਿਵੇਂ ਸ ਰੇੁ ਗ ਮ ਪ ਧੁ ਨੀ।



Downloaded from https:// www.studiestoday.com

Downloaded from https:// www.studiestoday.com

8. **ਪੂਰਵੀ** :- ਇਸ ਵਿੱਚ ਰੇ ਧ ਕੋਮਲ ਮ ਤੀਵਰ ਅਤੇ ਬਾਕੀ ਦੇ ਸਵਰ ਸ਼ੁਧ ਹਨ ਜਿਵੇਂ ਸ ਰੁੇ ਗ ਮੰ ਪ ਧੁ ਨੀ।

9. **ਮਾਰਵਾ ਥਾਟ** :- ਇਸ ਥਾਟ ਵਿੱਚ ਰੇ ਕੋਮਲ ਮ ਤੀਵਰ ਬਾਕੀ ਦੇ ਸੁਰ ਵਰਜਿਤ ਲਗਦੇ ਹਨ। ਜਿਵੇਂ ਸਾ ਰੁੇ ਗ ਮੰ ਪ ਧ ਨੀ।

10. **ਤੋੜੀ ਥਾਟ** :- ਇਸ ਥਾਟ ਵਿੱਚ ਰੇ ਗ ਧ ਕੋਮਲ ਮ ਤੀਵਰ ਬਾਕੀ ਸਾਰੇ ਸਵਰ ਸ਼ੁਧ ਲਗਦੇ ਹਨ। ਜਿਵੇਂ ਸਾ ਰੁੇ ਗੁ ਮੰ ਧੁ ਨੁੀ।

* * * * * *



Downloaded from https:// www.studiestoday.com

Downloaded from https:// www.studiestoday.com

# ਪਾਠ-5

# ਦਲੀਪ ਚੰਦਰ ਬੇਦੀ

ਦਲੀਪ ਚੰਦਰ ਬੇਦੀ ਜੀ ਦਾ ਨਾਂ ਮਹਾਨ ਸੰਗੀਤਕਾਰਾਂ ਅਤੇ ਸੰਗੀਤ ਸ਼ਾਸਤਰਾਂ ਵਿੱਚ ਲਿਆ ਜਾਂਦਾ ਹੈ। ਇਹਨਾਂ ਦਾ ਜਨਮ ਸੰਨ 1901 ਈ: ਨੂੰ ਪੰਜਾਬ ਦੇ ਇਤਿਹਾਸਕ ਨਗਰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਹਨਾਂ ਦਾ ਪਾਲਣ ਪੋਸ਼ਣ ਇਹਨਾਂ ਦੀ ਮਾਮੀ ਨੇ ਕੀਤਾ ਕਿਉਂਕਿ ਬਚਪਨ ਵਿੱਚ ਹੀ ਇਹਨਾਂ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਉਠ ਗਿਆ ਸੀ। ਇਹਨਾਂ ਦੀ ਰੁਚੀ ਸੰਗੀਤ ਵਿੱਚ ਹੋਣ ਕਰਕੇ ਇਹਨਾਂ ਨੂੰ ਪੜ੍ਹਨ ਲਈ ਅੰਮ੍ਰਿਤਸਰ ਵਿੱਖੇ ਭੇਜ ਦਿੱਤਾ। ਇਹਨਾਂ ਨੇ ਹੋਰ ਵਿਸ਼ਿਆਂ ਦੇ ਨਾਲ-ਨਾਲ ਸੰਗੀਤ ਦੀ ਸਿੱਖਿਆ ਵੀ ਪ੍ਰਾਪਤ ਕੀਤੀ।

ਜਦੋਂ ਬੇਦੀ ਜੀ ਅਜੇ 17 ਸਾਲ ਦੇ ਹੀ ਸਨ ਤਾਂ ਜਲੰਧਰ ਵਿਖੇ ਸੰਗੀਤ ਮਹਾਸਭਾ ਦਾ ਸਲਾਨਾ ਉਤਸਵ ਹੋਇਆ। ਇਥੇ ਇਹਨਾਂ ਦੀ ਮੁਲਾਕਾਤ ਪੰ: ਭਾਸਕਰ ਰਾਵ ਜੀ ਨਾਲ ਹੋਈ। ਪੰ: ਜੀ ਨੇ ਬੇਦੀ ਜੀ ਦੀ ਪ੍ਰਤਿਭਾ ਨੂੰ ਪਛਾਣ ਕੇ ਆਪਣਾ ਵਿਦਿਆਰਥੀ ਬਣਾ ਲਿਆ। 21 ਸਾਲ ਦੀ ਉਮਰ ਤੱਕ ਪੰ: ਜੀ ਤੋਂ ਸੰਗੀਤ ਦੀ ਵਿਦਿਆ ਲੈਂਦੇ ਰਹੇ।

ਅਚਾਨਕ ਪੰ: ਜੀ ਦੀ ਮੌਤ ਹੋ ਜਾਣ ਤੋਂ ਬਾਅਦ ਬੇਦੀ ਜੀ ਨੇ ਬੜੋਦਾ ਦੇ ਉਸਤਾਦ ਫੈਯਾਜ਼ ਖਾਂ ਉਸਤਾਦ ਅੱਲਾਦਿੱਆ ਖਾਂ ਅਤੇ ਉਸਤਾਦ ਹੈਦਰ ਖਾਂ ਤੋਂ ਵੀ ਸੰਗੀਤ ਦੀ ਵਿੱਦਿਆ ਹਾਸਿਲ ਕੀਤੀ। ਸੰਗੀਤ ਦੀ ਸਿੱਖਿਆ ਦੇ ਨਾਲ-



Downloaded from https:// www.studiestoday.com

Downloaded from https:// www.studiestoday.com

ਨਾਲ ਇਹਨਾਂ ਨੇ ਹਿੰਦੀ, ਸੰਸਕ੍ਰਿਤ, ਉਰਦੂ, ਮਰਾਠੀ ਅਤੇ ਅੰਗਰੇਜ਼ੀ ਦੇ ਅਨੇਕ ਸੰਗੀਤ ਗ੍ਰੰਥਾਂ ਦਾ ਅਧਿਐਨ ਕੀਤਾ।

1924 ਈ: ਵਿੱਚ ਬੇਦੀ ਜੀ ਨੂੰ ਪਟਿਆਲਾ ਦਰਬਾਰ ਵੱਲੋਂ ਸਦਾ ਪੱਤਰ ਮਿਲਿਆ ਅਤੇ ਇਹਨਾਂ ਨੂੰ ਰਿਆਸਤ ਦਾ ਦਰਬਾਰੀ ਗੀਤਕਾਰ ਬਣਾ ਦਿੱਤਾ। ਅਗਲੇ ਸਾਲ ਇਹਨਾਂ ਨੂੰ ਲਖਨਊ ਦੇ ਅਖਿਲ ਭਾਰਤੀ ਸੰਮੇਲਨ ਵਿੱਚ ਸੋਨੇ ਦਾ ਤਗਮਾ ਮਿਲਿਆ।

ਉਹਨਾਂ ਦਿਨਾਂ ਵਿੱਚ ਚੰਗੇ ਕਲਾਕਾਰ ਨੂੰ ਪਦਵੀਆਂ ਦੇਣ ਦਾ ਰਿਵਾਜ਼ ਸੀ। ਬੇਦੀ ਜੀ ਵਰਗਾ ਕਲਾਕਾਰ ਇਸ ਖੇਤਰ ਵਿੱਚ ਕਿਵੇਂ ਪਿੱਛੇ ਰਹਿ ਸਕਦਾ ਸੀ। ਇਹਨਾਂ ਨੂੰ ਕਰਾਚੀ ਦੀ ਸਿੰਧ ਸੰਗੀਤ ਕਾਨਫਰੈਂਸ ਵਿੱਚ "ਮਹਿਤਾਬੇ ਮੌਸੀਕੀ" (ਸੰਗੀਤਕ ਅਕਾਸ਼ ਦਾ ਚੰਨ) ਦੀ ਉਪਾਧੀ ਮਿਲੀ। ਗੁਰੂ ਕੁਲ ਕਾਂਗੜੇ ਨੇ ਇਹਨਾਂ ਨੂੰ 'ਸੰਗੀਤ ਸਿੰਗਾਰ' ਦੀ ਉਪਾਦੀ ਦਿੱਤੀ। ਇਹਨਾਂ ਨੇ ਇਕ ਰਾਗ ਦੀ ਰਚਨਾ ਕੀਤੀ ਜਿਸ ਦਾ ਨਾਂ 'ਬੇਦੀ ਦੀ ਲਲਿਤ' ਰਖਿਆ ਜਿਸ ਲਈ ਮੈਸੂਰ ਦੇ ਮਹਾਰਾਜਾ ਨੇ ਇਹਨਾਂ ਨੂੰ ਇਸ ਰਾਗ ਲਈ ਇਨਾਮ ਦਿੱਤਾ।

ਆਪ ਰਾਸ਼ਟਰੀ ਸੰਗੀਤ ਨਾਟਕ ਨ੍ਰਿਤ ਅਕਾਦਮੀ ਵਿੱਚ ਪੰਜਾਬ ਪ੍ਰਦੇਸ਼ ਦੇ ਪ੍ਰਤਿਨਿਧ ਅਤੇ ਨਵੀਂ ਦਿਲੀ ਵਿਖੇ ਭਾਰਤੀ ਕਲਾ ਕੇਂਦਰ ਵਿੱਚ ਸੀਨੀਅਰ ਪ੍ਰੋਫੈਸਰ ਤੇ ਵੀ ਰਹੇ। ਸੰਨ 1935 ਈ: ਵਿੱਚ ਵਿਸ਼ਵ ਦੇ ਪ੍ਰਸਿੱਧ ਕਵੀ ਰਵਿੰਦਰਨਾਥ ਟੈਗੋਰ ਜੀ ਨੇ ਆਪ ਨੂੰ ਸ਼ਾਂਤੀ ਨਿਕੇਤਨ ਬੁਲਾਇਆ ਅਤੇ ਉਸ ਸਮੇਂ ਦੇ ਮਹਾਨ ਕਲਾਕਾਰਾਂ ਨੇ ਇਹਨਾਂ ਦੀ ਬਹੁਤ ਪ੍ਰਸੰਸਾ ਕੀਤੀ।

ਬੇਦੀ ਜੀ ਦੇ ਬਹੁਤ ਸ਼ਿਸ਼ ਸਨ ਕੁਝ ਦੇ ਨਾਂ ਹਨ ਸ਼੍ਰੀਮਤੀ ਮਾਨਿਕ ਵਰਮਾ, ਲਲਿਤ ਆਯੰਗਰ, ਸ਼ੰਕਰ ਹਾਵ, ਗੌਤਮ ਆਯਰ, ਹੁਸਨ ਲਾਲ, ਭਗਤ ਰਾਮ ਆਦਿ। ਇਹਨਾਂ ਦੇ ਪਿਆਰੇ ਰਾਗ ਸਨ ਰਾਮਕਲੀ, ਆਸਾਵਾਰੀ, ਦੇਸੀ, ਟੋਡੀ, ਮਲਾਰ, ਪੀਲੂ, ਚੰਦਰ ਕੌਂਸ਼ ਆਦਿ।



Downloaded from https:// www.studiestoday.com

Downloaded from https:// www.studiestoday.com

ਪੰ: ਦਲੀਪ ਚੰਦ ਬੇਦੀ ਅੰਤਿਮ ਦਿਨਾਂ ਵਿੱਚ ਦਿੱਲੀ ਵਿਖੇ ਰਹੇ। ਲੰਬਾ ਸਮਾਂ ਸਫਲ ਜੀਵਨ ਬਿਤਾ ਕੇ ਇਹ ਮਹਾਨ ਕਲਾਕਾਰ 13 ਨਵੰਬਰ, 1992 ਨੂੰ ਸਾਨੂੰ ਸਾਰਿਆ ਨੂੰ ਹਮੇਸ਼ਾ ਲਈ ਛੱਡ ਗਿਆ। ਪੰਜਾਬ ਦੀ ਧਰਤੀ ਨੇ ਦਲੀਪ ਚੰਦ ਬੇਦੀ ਦੇ ਰੂਪ ਵਿੱਚ ਇਹ ਬਹੁਮੁੱਲਾ ਸੰਗੀਤਕਾਰ ਅਤੇ ਸੰਗੀਤ ਸ਼ਾਸ਼ਤਰੀ ਰਤਨ ਦਿੱਤਾ ਜਿਹਨਾਂ ਨੂੰ ਅਸੀਂ ਸਾਰੇ ਭਾਰਤੀ ਹਮੇਸ਼ਾ ਯਾਦ ਰਖਾਂਗੇ।

******




Downloaded from https:// www.studiestoday.com

Downloaded from https:// www.studiestoday.com

# ਪਾਠ-6

# ਤਾਨਪੁਰਾ

**ਤਾਨਪੁਰਾ ਜਾਂ ਤੰਬੂਰਾ**




1. ਖੂੰਟੀ
2. ਅੱਟੀ
3. ਤਾਰ ਗਹਨ
4. ਤਾਰਾਂ
5. ਗੁਲੂ
6. ਘੜਚ
7. ਤਬਲੀ
8. ਮਣਕਾ
9. ਲੰਗੋਟ ਕਿੱਲ
10. ਤੂੰਬਾ

**ਚਿਤਰ ਨੰ: I —** ਤਾਨਪੁਰਾ



Downloaded from https:// www.studiestoday.com

Downloaded from https:// www.studiestoday.com

ਤਾਨਪੁਰਾ ਇੱਕ ਪ੍ਰਾਚੀਨ ਤੰਤ੍ਰੀ ਸਾਜ਼ ਹੈ। ਸ਼ਾਸ਼ਤਰੀ ਗਾਇਨ, ਵਾਦਨ ਅਤੇ ਨ੍ਰਿਤ ਵਿੱਚ ਸਿਰਫ਼ ਸਵਰ ਦੇਣ ਲਈ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ, ਪਰ ਸਿਰਫ ਗਾਇਨ ਵਿੱਚ ਹੀ ਇਸ ਦੀ ਸੰਗਤ ਦੇਣ ਲਈ ਇਸ ਨੂੰ ਸਰਬਸ਼ਰੇਸ਼ਠ ਮੰਨਿਆ ਜਾਂਦਾ ਹੈ। ਇਸ ਸਾਜ਼ ਵਿੱਚ ਸਵਰ ਜਾਂ ਧੁਨ ਹੀ ਨਹੀਂ ਨਿਕਲਦੀ ਸਗੋਂ ਇਸ ਦਾ ਪ੍ਰਯੋਗ ਸਵਰ-ਸੰਗਤ ਲਈ ਹੀ ਕੀਤਾ ਜਾਂਦਾ ਹੈ। ਇਸ ਦੇ ਅਵਿਸ਼ਕਾਰ ਬਾਰੇ ਕਿਹਾ ਜਾਂਦਾ ਹੈ ਕਿ ਤੰਬਰੂ ਨਾਮਕ ਗੰਧਰਵ ਨੇ ਇਸ ਦੀ ਖੋਜ ਕੀਤੀ, ਜਿਸ ਦੇ ਕਾਰਨ ਇਸ ਸਾਜ਼ ਨੂੰ 'ਤੰਬੂਰਾ' ਜਾਂ 'ਤਾਨਪੁਰਾ' ਕਿਹਾ ਜਾਣ ਲੱਗਾ।

**ਤਾਨਪੁਰੇ ਦਾ ਅੰਗ ਵਰਣਨ :**

1. **ਤੂੰਬਾ**:- ਲੌਕੀ ਦੀ ਬਣੀ ਹੋਈ ਸ਼ਕਲ ਦਾ ਹੁੰਦਾ ਹੈ। ਅੰਦਰ ਤੋਂ ਇਹ ਖੋਖਲਾ ਹੁੰਦਾ ਹੈ ਜਿਸ ਦੇ ਕਾਰਣ ਇਸ ਦੇ ਸਵਰ ਗੂੰਜਦੇ ਹਨ।

2. **ਤਬਲੀ**:- ਤੂੰਬੇ ਦਾ ਉਪਰਲਾ ਭਾਗ ਜਿਹੜਾ ਚਪਟਾ ਹੁੰਦਾ ਹੈ ਅਤੇ ਢੱਕਨ ਦਾ ਕੰਮ ਕਰਦਾ ਹੈ, ਤਬਲੀ ਕਹਲਾਉਂਦਾ ਹੈ।

3. **ਘੁਰੱਚ**:- ਇਹ ਲਕੜੀ ਜਾਂ ਹਾਥੀ ਦੰਦ ਦੀ ਬਣੀ ਚੌਕੀਂ ਹੁੰਦੀ ਹੈ ।ਇਹ ਤਬਲੀ ਦੇ ਉਤੇ ਲਗੀ ਹੁੰਦੀ ਹੈ ਇਸ 'ਤੇ ਤਾਨਪੁਰੇ ਦੇ ਚਾਰੋ ਤਾਰ ਟਿਕੇ ਹੁੰਦੇ ਹਨ।

4. **ਡਾਂਡ**:- ਇਕ ਲੰਬਾ ਖੋਖਲਾ ਗੋਲ ਲਕੜੀ ਦਾ ਟੁਕੜਾ ਜਿਹੜਾ ਤੂੰਬੇ ਅਤੇ ਤਬਲੀ ਦੇ ਨਾਲ ਜੁੜਿਆ ਹੁੰਦਾ ਹੈ, ਡਾਂਡ ਕਹਿਲਾਉਂਦਾ ਹੈ।

5. **ਗੁਲੂ**:- ਜਿਸ ਜਗ੍ਹਾਂ ਤੇ ਤਾਨਪੁਰੇ ਦਾ ਤੁੰਬਾ ਅਤੇ ਡਾਂਡ ਜੁੜਿਆ ਹੁੰਦਾ ਹੈ, ਗੁਲੂ ਕਹਿਲਾਉਂਦਾ ਹੈ।

6. **ਕਿੱਲ ਜਾਂ ਲੰਗੋਟ**:- ਤੂੰਬੇ ਦੇ ਨਿਚਲੇ ਭਾਗ ਵਿੱਚ ਤਾਰਾਂ ਨੂੰ ਬਣਨ ਲਈ ਇਕ ਕੀਲ ਜਾਂ ਤਿਕੋਣੀ ਪੱਟੀ ਲਗੀ ਹੁੰਦੀ ਹੈ ਉਸ ਨੂੰ ਕੀਲ ਜਾਂ ਲੰਗੋਟ ਕਹਿੰਦੇ ਹਨ।



Downloaded from https:// www.studiestoday.com

Downloaded from https:// www.studiestoday.com

7. **ਅੱਟੀ ਜਾਂ ਅਟੱਕ**:- ਤਾਨਪੁਰੇ ਦੇ ਚਾਰੋਂ ਤਾਰ ਕਿੱਲ ਤੋਂ ਘੁਰਚ ਤੱਕ ਹੁੰਦੇ ਹੋਏ ਉੱਤੇ ਨੂੰ ਜਾਂਦੇ ਹਨ। ਉਪਰਲੇ ਪਾਸੇ ਸਭ ਤੋਂ ਪਹਿਲਾਂ ਹਾਥੀ ਦੰਦ ਦੀ ਪੱਟੀ ਹੁੰਦੀ ਹੈ ਜਿਸ ਤੇ ਚਾਰੋਂ ਤਾਰ ਅਲਗ-ਅਲਗ ਰਖੇ ਜਾਂਦੇ ਹਨ ਇਸ ਨੂੰ ਅੱਟੀ ਕਹਿੰਦੇ ਹਨ।

8. **ਤਾਰਗਾਹਨ ਜਾਂ ਤਾਰਦਾਨ**:- ਅੱਟੀ ਦੇ ਨਾਲ ਹੀ ਇੱਕ ਹਾਥੀ ਦੰਦ ਦੀ ਪੱਟੀ ਲਗੀ ਹੁੰਦੀ ਹੈ ਜਿਸ ਵਿਚ ਛੇਕ ਹੁੰਦੇ ਹਨ। ਇਹਨਾਂ ਛੇਕਾਂ ਵਿਚੋਂ ਤਾਰ ਨਿਕਲ ਕੇ ਖੁੰਟੀਆਂ ਵਲ ਜਾਂਦੀ ਇਸ ਨੂੰ ਤਾਰਗਾਹਨ ਕਹਿੰਦੇ ਹਨ।

9. **ਸਿਰਾ**:- ਤਾਨਪੁਰੇ ਦੀ ਡਾਂਡ ਦਾ ਉਪਰਲਾ ਭਾਗ ਸਿਰਾ ਕਹਿਲਾਉਂਦਾ ਹੈ ਇਹ ਭਾਗ ਤਾਰਦਾਨ ਦੇ ਪਿੱਛੇ ਹੁੰਦਾ ਹੈ ਜਿਸ ਵਿੱਚ ਤਾਨਪੁਰੇ ਦੀਆਂ ਚਾਰ ਖੁੰਟੀਆਂ ਲੱਗੀਆਂ ਹੁੰਦੀਆਂ ਹਨ।

10. **ਖੁੰਟੀਆਂ**:- ਡਾਂਡ ਦੇ ਸਿਰੇ ਭਾਗ ਦੇ ਉਪਰ ਲਕੜੀ ਦੀਆਂ ਬਣੀਆਂ ਹੋਈਆਂ ਚਾਰ ਖੁੰਟੀਆਂ ਲੱਗੀਆਂ ਹੁੰਦੀਆ ਹਨ ਜਿਸ ਵਿੱਚ ਤਾਨਪੁਰੇ ਦੇ ਚਾਰੋਂ ਤਾਰ ਬੰਨੇ ਹੁੰਦੇ ਹਨ। ਇਹਨਾਂ ਨਾਲ ਤਾਰਾਂ ਨੂੰ ਢਿੱਲਾ ਅਤੇ ਕੱਸਿਆ ਜਾਂਦਾ ਹੈ। ਦੋ ਖੁੰਟੀਆਂ ਸਿਰੇ ਦੇ ਉਪਰ ਅਤੇ ਦੋ ਦੂਜੇ ਪਾਸੇ ਹੁੰਦੀਆਂ ਹਨ।

11. **ਮਨਕਾ**:- ਹਾਥੀ ਦੰਦ, ਲਕੜੀ ਜਾਂ ਕੱਚ ਦੇ ਬਣੇ ਮੋਤੀ ਜਿਹੜੇ ਤਾਰਾਂ ਵਿੱਚ ਘੁਰੱਚ ਅਤੇ ਕਿਲ ਦੇ ਵਿਚਕਾਰ ਪਰੋਏ ਜਾਂਦੇ ਹਨ ਮਨਕਾ ਕਹਿਲਾਂਦੇ ਹਨ। ਇਹ ਮਨਕੇ ਤਾਰਾਂ ਨੂੰ ਢਿੱਲਾ ਅਤੇ ਕਸਣ ਦੇ ਕੰਮ ਆਉਂਦੇ ਹਨ ਤਾਂਕੀ ਸਵਰ ਮਿਲਾਏ ਜਾ ਸਕਣ।

12. **ਸੂਤ ਜਾਂ ਧਾਗਾ**:- ਘੁਰੱਚ ਤੇ ਉਪਰ ਜਿਥੇ ਤਾਰਾਂ ਰੱਖੀਆਂ ਜਾਂਦੀਆਂ ਹਨ ਉਥੇ ਧਾਗੇ ਨੂੰ ਦਬਾਇਆ ਜਾਂਦਾ ਹੈ। ਇਸ ਧਾਗੇ ਦੇ ਠੀਕ ਸਥਾਨ ਤੇ ਰੱਖੇ ਜਾਣ ਤੇ ਤਾਨਪੁਰੇ ਦੀ ਝੰਕਾਰ ਨਿਕਲਦੀ ਹੈ ।

13. **ਜਵਾਰੀ**:- ਘੁਰੱਚ ਦੀ ਉਪਰੀ ਸਤਹ ਨੂੰ ਜਵਾਰੀ ਕਹਿੰਦੇ ਹਨ।



Downloaded from https:// www.studiestoday.com

Downloaded from https:// www.studiestoday.com

14. **ਪੱਤੀਆਂ**:- ਸਜਾਵਟ ਦੇ ਲਈ ਤੁੰਬੇ ਦੇ ਉੱਤੇ ਲਕੜੀ ਦੀਆਂ ਸੁੰਦਰ ਪੱਤੀਆਂ ਬਣਾਈਆਂ ਜਾਂਦੀਆਂ ਹਨ ਜਿਹਨਾਂ ਨੂੰ ਸ਼ਿੰਗਾਰ ਵੀ ਕਹਿੰਦੇ ਹਨ।

15. **ਤਾਰ**:- ਤਾਨਪੁਰੇ ਵਿੱਚ ਚਾਰ ਤਾਰ ਹੁੰਦੇ ਹਨ। ਪਹਿਲਾ ਤਾਰ ਜਿਹੜਾ ਲੋਹੇ ਦਾ ਹੈ ਅਤੇ ਮੰਦਰ ਪੰਚਮ ਨਾਲ ਮਿਲਾਇਆ ਜਾਂਦਾ ਹੈ, ਦੂਜਾ ਅਤੇ ਤੀਜਾ ਲੋਹੇ ਦਾ ਜਿਸ ਨੂੰ ਜੋੜੀ ਦਾ ਤਾਰ ਕਹਿੰਦੇ ਹਨ ਅਤੇ ਇਹ ਦੋਵੇਂ ਸਪਤਕ ਦੇ ਸ ਨਾਲ ਮਿਲਾਏ ਜਾਂਦੇ ਹਨ, ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਜਿਹੜਾ ਮੰਦਰ ਸ ਨਾਲ ਮਿਲਦੇ ਹਨ। ਤਾਨਪੁਰੇ ਦੇ ਵਜਾਣ ਨੂੰ ਤਾਨਪੁਰੇ ਦਾ ਛੇੜਨਾ ਕਹਿੰਦੇ ਹਨ।

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-7

# ਸਵਰ ਲਿਪੀ

ਜਿਵੇਂ ਹਿੰਦੀ ਪੰਜਾਬੀ ਆਦਿ ਭਾਸ਼ਾਵਾਂ ਵਿੱਚ ਵਿਆਕਰਨ ਦੇ ਚਿੰਨ੍ਹਾਂ ਆਦਿ ਦੀ ਸਹਾਇਤਾ ਨਾਲ ਭਾਸ਼ਾ ਨੂੰ ਸਮਝਿਆ ਜਾ ਸਕਦਾ ਹੈ ਕਿ ਕੀ ਲਿਖਿਆ ਗਿਆ ਹੈ, ਠੀਕ ਉਸੇ ਤਰ੍ਹਾਂ ਸੰਗੀਤ ਵਿੱਚ ਵਿਸ਼ੇਸ਼ ਚਿੰਨ੍ਹਾਂ ਨਾਲ ਸੰਗੀਤ ਦੀ ਸੰਗੀਤਕ ਭਾਸ਼ਾ ਨੂੰ ਉਸ ਦੇ ਚਿੰਨ੍ਹਾਂ ਤੋਂ ਸਮਝਿਆ ਜਾ ਸਕਦਾ ਹੈ। ਇਹਨਾਂ ਹੀ ਵਿਸ਼ੇਸ਼ ਚਿੰਨ੍ਹਾਂ ਨੂੰ ਸਵਰ ਲਿਪਿ ਕਹਿੰਦੇ ਹਨ।

**ਭਾਰਤ ਵਿੱਚ ਦੋ ਤਰ੍ਹਾਂ ਦੀਆਂ ਪਦੱਤੀਆਂ ਦਾ ਪ੍ਰਚਲਨ ਹੈ-**

1. ਉੱਤਰ ਭਾਰਤੀ ਸੰਗੀਤ ਪਦੱਤੀ ਜਿਹੜੀ ਕਿ ਵਿਸ਼ਣੂ ਨਾਰਾਇਣ ਭਾਤਖੰਡੇ ਜੀ ਦੇ ਨਾਂ ਨਾਲ ਜਾਣੀ ਜਾਂਦੀ ਹੈ।
2. ਦੱਖਣ ਭਾਰਤੀ ਸੰਗੀਤ ਪੱਦਤੀ ਜਿਹੜੀ ਕਿ ਵਿਸ਼ਣੂ ਦਿਗੰਬਰ ਪੱਦਤੀ ਦੇ ਨਾਂ ਨਾਲ ਜਾਣੀ ਜਾਂਦੀ ਹੈ।

### ਵਿਸ਼ਣੂ ਨਰਾਇਣ ਭਾਤਖੰਡੇ ਪੱਦਤੀ

| 1. **ਸਵਰ ਚਿੰਨ੍ਹ** | **ਵਿਵਰਣ ਚਿੰਨ੍ਹ** | **ਉਦਾਹਰਣ** |
|---|---|---|
| (1) ਸ਼ੁਧਸਵਰ | ਕੋਈ ਚਿੰਨ੍ਹ ਨਹੀਂ | ਸ ਰੇ ਗ |
| (2) ਕੋਮਲ ਸਵਰ | ਸਵਰ ਦੇ ਹੇਠਾਂ ਲੇਟਵੀਂ ਰੇਖਾ | ਰੇ ਗੁ |
| (3) ਤੀਵਰ ਸਵਰ | ਸਵਰ ਦੇ ਉਪਰ ਖੜੀ ਰੇਖਾ | ਮੇ |
| 2. **ਸਪਤਕ ਚਿੰਨ੍ਹ** | | |
| (4) ਮੱਧ ਸਪਤਕ | ਕੋਈ ਚਿੰਨ੍ਹ ਨਹੀਂ | ਸ ਰੇ ਗ |
| (5) ਮੰਦਰ ਸਪਤਕ | ਸਵਰ ਦੇ ਹੇਠਾਂ ਬਿੰਦੂ | ਨ਼ੀ ਧ਼ ਪ਼ |
| (6) ਤਾਰ ਸਪਤਕ | ਸਵਰ ਦੇ ਉਪਰ ਬਿੰਦੂ | ਨੀਂ ਧਂ ਪਂ |



Downloaded from https:// www.studiestoday.com

Downloaded from https:// www.studiestoday.com

3 **ਸਵਰ ਮਾਨ**

| | | |
|---|---|---|
| (7) ਇਕ ਮਾਤਰਾ | ਕੋਈ ਚਿੰਨ੍ਹ ਨਹੀਂ | ਸ ਧ |
| (8) ਅੱਧੀ ਮਾਤਰਾ | ਉਲਟ ਅਰਧ ਚੱਕਰ | ਸਧ ਪਗ |
| (9) ਇਕ ਮਾਤਰਾ ਠਹਿਰਨ ਦੇ ਲਈ ਸਰਗਮ 'ਚ | – | ਗ – ਸ – |
| (10) ਇਕ ਮਾਤਰਾ ਗੀਤ ਉਚਾਰਣ ਵਿੱਚ | s | ਗ ਤ ਮ – |

4. **ਤਾਲ ਲਿਪਿ**

| | | |
|---|---|---|
| (11) ਸਮ | x | ਧਾ ਗੇ ਨ ਤੀਂ। |
| (12) ਖਾਲੀ | 0 | ਨ਼ ਕੇ ਧਿ ਨਾ। |
| (13) ਵਿਭਾਗ | \| | 1 2 3 4 । |
| (14) ਤਾਲੀ ਸੰਖਿਆਂ | 2, 3, 4 | |
| (15) ਮਾਤਰਾ | 1 2 3 4 | |

**ਨੋਟ** :- ਇਸ ਪਦੱਤੀ ਵਿੱਚ ਹੋਰ ਵੀ ਚਿੰਨ੍ਹਾਂ ਦਾ ਵਿਵਰਣ ਹੈ। ਸੰਗੀਤ ਦੇ ਨਵੇਂ ਵਿਦਿਆਰਥੀਆਂ ਲਈ ਇੰਨੇ ਹੀ ਕਾਫੀ ਹਨ।

* * * * * *



Downloaded from https:// www.studiestoday.com

Downloaded from https:// www.studiestoday.com

# ਪਾਠ-8

# ਰਾਗ ਭੈਰਵੀ

**ਥਾਟ - ਭੈਰਵੀ**
**ਵਾਦੀ -ਮ (ਮਧਯਮ)**
**ਸੰਮਵਾਦੀ - ਸਾ (ਸੜਕ)**
**ਸਵਰ - ਰੇ ਗੁ ਧੁ ਨੀ**
**ਜਾਤੀ - ਸੰਪੂਰਨ - ਸੰਪੂਰਨ**
**ਗਾਣ - ਵਜਾਣ ਦਾ ਸਮਾਂ - ਸਵੇਰ ਦਾ ਪਹਿਲਾ ਪਹਿਰ**

**ਸਧਾਰਨ-ਪਰਿਚੈ** :- ਰਾਗ ਭੈਰਵੀ ਭੈਰਵੀ ਥਾਟ ਦਾ ਆਸ਼ਰਯ ਰਾਗ ਹੈ। ਇਸ ਰਾਗ ਵਿੱਚ ਰੇ ਗੁ ਧੁ ਨੀ ਚਾਰੋ ਸਵਰ ਕੋਮਲ ਲਗਦੇ ਹਨ ਬਾਕੀ ਸਵਰ ਸ਼ੁਧ ਲਗਦੇ ਹਨ। ਇਸ ਰਾਗ ਵਿੱਚ ਕੋਈ ਵੀ ਸਵਰ ਵਰਜਿਤ ਨਹੀਂ। ਇਸ ਲਈ ਇਸ ਰਾਗ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਇਹ ਰਾਗ ਸੰਕੀਰਨ ਹੋਣ ਕਰਕੇ ਗੁਨੀਜਨ ਸਾਰੇ ਪ੍ਰਯੋਗ ਕਰ ਸਕਦੇ ਹਨ। ਇਸ ਰਾਗ ਵਿੱਚ ਠੁਮਰੀ ਗਾਈ ਜਾਂਦੀ ਹੈ। ਇਸ ਲਈ ਇਸ ਰਾਗ ਨੂੰ ਕਿਸੀ ਵੀ ਸਮੇਂ ਗਾਇਆ ਵਜਾਇਆ ਜਾ ਸਕਦਾ ਹੈ।

ਆਰੋਹ : ਸਾ ਰੇ ਗੁ ਮ ਪ ਧੁ ਨੀ ਸਾਂ।
ਅਵਰੋਹ : ਸਾਂ ਨੀ ਧੁ ਪ ਮ ਗੁ ਰੇ ਸਾ।
ਪਕੜ : ਮ ਗੁ ਰੇ ਗੁ, ਸਾ ਰੇ ਸਾ, ਧੁ ਨੀ ਸਾਂ।

**ਅਲਾਪ**

1. ਸਾ ............. ਸਾਰੇ ਗੁ ............. ਮ ............. ਮ ਪ ............ ਮਪ ਧੁ ਪ ............ ਮ ਗੁ ਰੇ ਸਾ।
2. ਮ ਗੁ ਸਾ ਰੇ ਸਾ ............. ਸਾ ਨੀ ਧੁ ............. ਪ ............ ਧੁ ਨੀ ਸਾ ਰੇ ਸਾ।



Downloaded from https:// www.studiestoday.com

Downloaded from https:// www.studiestoday.com

3. ਮ ਪ ਧ̱ ............ ਧ̱ ............ ਨੀ̱ ............ ਧ̱ ਪ ............ ਮ ............ ਗ̱ ............ ਸਾ ਰੇ̱ ਸਾ ਧ਼ ਨੀ, ਸਾ ਰੇ ਸਾ।

4. ਗ̱ ਮ ਪ ਧ̱ ਧ̱ ਪ ............ ਗ̱ ਮ ਧ̱ ਨੀ̱ ਸਾਂ, ਨੀ̱ ਧ̱ ਪ ............ ਮ ............ ਪ ਧ̱ ਨੀ̱ ਧ̱ ਪ, ............ ਮ ਗ̱ ਰੇ̱ ਸਾ ਧ਼̱ਨੀ̱ ਸਾ ............

**ਰਾਗ ਭੈਰਵੀ ਛੋਟਾ ਖਿਆਲ**

**(ਤਿੰਨ ਤਾਲ)**

ਸਥਾਈ : ਥਾਟ ਚਲਤ ਮੋਹੇ ਰੋਕੇ ਕਨਿਈਆ
ਬਿਨ ਤੀਕ ਰਤ ਨਾਹੀ ਮਨਿ ਨਿਰਦਈਆਂ

ਅੰਤਰਾ : ਬਾਰ-ਬਾਰ ਉਲਹਨ ਦੇਕੇ ਹਾਰੀ
ਬਰਜਤ ਨਾਹੀ ਯਸ਼ੋਦਾ ਮਈਆ

**ਰਾਗ ਭੈਰਵੀਂ ਸਥਾਈ** **ਛੋਟਾ ਖਿਆਲ** (ਤਿੰਨ ਤਾਲ)

| | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| | ਸਾ | ਧ̱ | ਪ | ਧ | ਮ | ਪ | ਗ̱ | ਮ | ਪ | - | ਗ̱ | ਮ | ਗ̱ | ਰੇ̱ | ਸਾ | - |
| | ਬਾ | ऽ | ਟ | ਚ | ਲ | ਤ | ਮੋ | ਹੇ | ਰੋ | - | ਕੇ | ਕ | ਨਿ | ਈ | ਆ | - |
| | ਮ | ਗ̱ | ਸਾ | ਰੇ̱ | ਧ̱ | ਨੀ̱ | ਸਾ | ਸਾ | ਗ̱ | ਮ | ਪ | ਮ | ਗ̱ | ਰੇ | ਸਾ | - |
| | ਬਿ | ਨ | ਤੀ | ਕ | ਰ | ਤ | ਨਾ | ਹੀ | ਮਾ | ਨੇ | ਨਿ | ਰ | ਦ | ਈ | ਆ | ऽ |
| **ਅੰਤਰਾ** | | | | | | | | | | | | | | | | |
| | ਗ̱ | ਮ | ਧ̱ | ਨੀ̱ | ਸਾਂ | ਸਾਂ | ਸਾਂ | ਸਾਂ | ਨੀ̱ | ਸਾਂ | ਰੇ | ਮਾਂ | ਨੀ̱ | ਨੀ̱ | ਧ̱ | ਪ |
| | ਬ | ऽ | ਰ | ਬਾ | ऽ | ਰ | ਉ | ਲ | ਹ | ਨ | ਦੇ | ਕੇ | ਹਾ | ऽ | ਰੀ | ऽ |
| | ਸਾ | ਰੇ̱ | ਗ̱ | ਰੇ | ਸਾ | ਨੀ̱ | ਧ̱ | ਮ | ਪ | - | ਗ̱ | ਮ | ਗ | ਰੇ̱ | ਸਾ | - |
| | ਬ | ਰ | ਜ | ਤ | ਨਾ | ऽ | ਹੀ | ਯ | ਸ਼ੋ | ऽ | ਦਾ | ऽ | ਮ | ਈ | ਆ | ऽ |
| **ਤਾਨਾ** | | | | | | | | | ਗ̱ਮ | ਪਮ | ਧ̱ਪ | ਮਪ | ਗ̱ਮ | ਪਮ | ਗ̱ਰੇ̱ | ਸਾਂ- |
| | ਬਾ | - | ਟ | ਚ | ਲ | ਤ | ਮੋ | ਹੇ | ਮਗ̱ | ਸਾਰੇ̱ | ਧ̱ਨੀ | ਸਾਰੇ | ਗ̱ਮ | ਪਮ | ਗ̱ਰੇ̱ | ਸਾਂ- |
| | - | - | - | - | ................ | | | | | | | | | | | |
| | ਬਾ | - | ਟ | ਚ | ਲ | ਤ | ਮੋ | ਹੇ | ਰੋ | - | ਕੇ | ਕ | ਨਿ | ਈ | ਆ | ऽ |
| | ਸਾਰੇ̱ | ਗ̱ਮ | ਪਧ̱ | ਪਮ | ਗ̱ਮ | ਧ̱ਨੀ̱ | ਧ̱ਪ | ਮਪ | ਮਪ | ਧ̱ਨੀ̱ | ਸਾਂਨੀ̱ | ਧ̱ਪ | ਨੀ̱ਧ | ਪਮ | ਗ̱ਰੇ | ਸਾ- |



Downloaded from https:// www.studiestoday.com

Downloaded from https:// www.studiestoday.com

## ਰਾਗ ਭੈਰਵੀ

### ਸ਼ਬਦ

ਊਠਤ ਸੁਖੀਆ ਬੈਠਤ ਸੁਖੀਆ!! ਭਉਂ ਨਹੀਂ ਲਾਗੈ ਜਾਂ ਐਸੇ ਬੁਝੀਆਂ।।੧
ਰਾਖਾ ਏਕੁ ਹਮਾਰਾ ਸੁਆਮੀ।। ਸਗਲ ਘਟਾ ਕਾ ਅੰਤਰ ਜਾਮੀ ।। ਰਹਾਉ।।
ਹੋਇ ਅਚਿੰਤਾ ਜਾਗਿ ਆਚਿੰਤਾ ।। ਜਹਾ ਕਹਾ ਪ੍ਰਭੁ ਤੂੰ ਵਰਤੰਤਾ।।੨
ਘਰਿ ਸੁਖਿ ਵਸਿਆ, ਬਾਹਰਿ ਸੁਖ ਪਾਇਆ ।। ਕਹੁ ਨਾਨਕ ਗੁਰ ਮੰਤ੍ਰ ਦ੍ਰਿੜਾਇਆ ।।੩।।੨।।

**ਸਥਾਈ** **ਰਾਗ ਭੈਰਵੀ** (ਤਿੰਨ ਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਸਾ | ਗੁ | ਪ | ਮ | ਰੇ | ਸਾ | ਧੁ | ਨੀ |
| | | | | | | | | ਰਾ | ऽ | ਖਾ | ऽ | ਏ | ऽ | ਕੁ | ऽ |
| ਸਾ | – | ਰੇ | ਸਾ | ਮ | ਗੁ | ਰੇ | ਸਾ | ਸਾ | ਰੇ | ਗੁ | ਮ | ਪ | ਧੁ | ਪ | – |
| ਹ | ਮਾ | ਰਾ | ऽ | ਸੁ | ਆ | ਮੀ | ऽ | ਸ | ਗ | ਲ | ਘ | ਦਾ | ऽ | ਕਾ | ऽ |
| ਸਾਂਸਾਂ | ਨੀ | ਧੁ | ਪ | ਗੁਮ | ਪਮ | ਗੁਰੇ | ਸਾ | | | | | | | | |
| ਅੰऽ | ऽ | ਤ | ਰ | ਜਾऽ | ऽऽ | ਮੀऽ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਸਾ | ਗੁ | ਮ | – | ਧੁ | ਧੁ | ਨੀ | – |
| | | | | | | | | ਉ | ऽ | ਠ | ਤ | ਸੁ | ਖੀ | ਆ | ऽ |
| ਸਾਂ | ਸਾਂਸਾਂ | ਸਾਂ | ਸਾਂ | ਰੇਂ | ਨੀ | ਸਾਂ | – | ਸਾਂ | ਰੇ | ਸਾਂ | ਨੀ | ਧੁ | ਨੀ | ਧੁ | ਪ |
| ਬੈ | ऽऽ | ਠ | ਤ | ਸੁ | ਖੀ | ਆ | ऽ | ਭ | ਉ | ਨ | ਹੀ | ਲਾ | ऽ | ਗੇ | ਜਾ |
| ਗੁ | ਮ | ਪ | ਮ | ਗੁਮ | ਪਮ | ਗਰੇ | ਸਾਂ | | | | | | | | |
| ਐ | ऽ | ਸੰ | ऽ | ਬੁऽ | ਝੀ | ਆऽ | ऽ | | | | | | | | |

ਬਾਕੀ ਵੀ ਅੰਤਰੇ ਇਸੀ ਤਰ੍ਹਾਂ ਗਾਓ।

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-9

# ਰਾਗ ਖਮਾਜ

**ਥਾਟ - ਖਮਾਜ**
**ਵਾਦੀ - ਗ (ਗੰਧਾਰ)**
**ਸਮਵਾਦੀ - ਨੀ (ਨਿਸ਼ਾਦ)**
**ਸਵਰ - ਅਵਰੋਹ ਵਿਚ ਨੀ਼ ਕੋਮਲ**
**ਵਰਿਜਤ ਸਵਰ - ਆਰੋਹ ਵਿੱਚ ਰੇ (ਰਿਸ਼ਬ)**
**ਜਾਤੀ - ਸ਼ਾੜਵ - ਸੰਪੂਰਨ**
**ਗਾਉਣ -ਵਜਾਉਣ ਦਾ ਸਮਾਂ - ਰਾਤ ਦਾ ਦੂਜਾ ਪਹਿਰ**

**ਸਾਧਾਰਨ ਪਰਿਚੈ** - ਰਾਗ ਖਮਾਜ ਖਮਾਟ ਥਾਟ ਦਾ ਆਸ਼ਰਧ ਰਾਗ ਹੈ। ਇਸ ਦੇ ਆਰੋਹ ਵਿੱਚ ਸ਼ੁਧ ਨੀ (ਨਿਸ਼ਾਦ, ਅਵਰੋਹ ਵਿੱਚ ਕੋਮਲ (ਨਿਸ਼ਾਦ)) ਸਵਰ ਲਗਦਾ ਹੈ। ਇਸ ਦੇ ਆਰੋਹ ਵਿੱਚ ਰੇ (ਰਿਸ਼ਬ) ਸਵਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਸ਼ਾੜਵ – ਸੰਪੂਰਨ ਹੈ। ਇਸ ਦਾ ਮਿਲਦਾ–ਜੁਲਦਾ ਰਾਗ ਝੰਝੋਟੀ ਹੈ। ਇਸ ਦੇ ਗਾਉਣ–ਵਜਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ।

**ਅਰੋਹ :** ਸਾ ਗ ਮ ਪ ਨੀ ਸਾਂ।

**ਅਵਰੋਹ :** ਸਾਂ ਨੀ਼ ਧ ਪ ਮ ਗ ਰੇ ਸਾ।

**ਪਕੜ :** ਗ ਮ ਪ ਨੀ਼ ਧ ਮ ਪ ਗ – ਗ

**ਅਲਾਪ :-**

1. ਸ ਗ ............. ਮ ਮ ............. ਗ ਮ ਪ ............. ਮ ਗ ਮ ਗ ਰੇ ਸਾ।

2. ਗ ਮ ਪ ਨੀ਼ ............. ਧ ਮ ਪ ............. ਧ ਨੀ਼ ਧ ਮ ਪ ਗ ਮ ਗ ਰੇ ਸਾ।



Downloaded from https:// www.studiestoday.com

Downloaded from https:// www.studiestoday.com

**ਭਜਨ**

**ਸਥਾਈ** : ਹਰਿ ਚਰਨ ਚਿਤ ਲਾ ਰੇ ਮਨੁਵਾ
ਮੰਨ ਕੇ ਅੰਦਰ ਸ਼ਿਆਮ ਮੁਰਤਿ
ਰੱਖ ਕੇ ਅਤਿ ਸੁਖ ਪਾ ਰੇ ਮਨੁਵਾ।

**ਅੰਤਰਾ** : ਮੁਰਲੀ ਧਰ ਕੀ ਮਹਿਮਾ ਨਿਆਰੀ
ਓਨਕੇ ਗੁਣ ਨਿਤ ਗਾ ਰੇ ਮਨੁਵਾ

**ਰਾਗ ਖਮਾਜ ਛੋਟਾ ਖਿਆਲ ਤਾਲ ਰੂਪਕ**

**ਮੱਧ ਲੈਅ**

| ਸਥਾਈ | | | | | |
|---|---|---|---|---|---|
| 1 2 3 | 4 5 | 6 7 | 1 2 3 | 4 5 | 6 7 |
| ਨੀ ਸਾਂ ਨੁੀ | ਧ ਪ | ਮ ਪ | ਗ - ਮ | ਗ ਰੇ | ਸਾ - |
| ਹ ਰਿ ਚ | ਰ ਨ | ਚਿ ਤ | ਲਾ ऽ ਰੇ | ਮ ਨੁ | ਵਾ ऽ |
| ਗ ਮ ਪ | ਧ ਪ | ਮ ਪ | ਧ ਨੁੀ ਧ | ਨੁੀ ਧ | ਪ ਮ |
| ਮ ਨ ਕੇ | ਅੰ ऽ | ਦ ਰ | ਸਿਆऽ ਮ | ਮੁ ऽ | ਰ ਤਿ |
| ਨੀ ਸਾਂ ਨੁੀ | ਧ ਪ | ਮ ਪ | ਗ ਮ ਗ | ਰੇ ਰੇ | ਸਾ - |
| ਰ ਖ ਕੇ | ਅ ਤਿ | ਸੁ ਖ | ਪਾ ਰੇ | ਮ ਨੁ | ਵਾ - |
| **ਅੰਤਰਾ** | | | | | |
| ਗ ਮ ਪ | ਨੁੀ ਧ | ਨੀ ਨੀ | ਸਾਂ ਸਾਂ ਸਾਂ | ਨੀ ਰੇਂ | ਸਾਂ - |
| ਮੁ ਰ ਲੀ | ਧ ਰ | ਕੀ ऽ | ਮ ਹਿ ਮਾ | ਨਿ ਆ | ਰੀ - |
| ਨੀ ਸਾਂ ਨੁੀ | ਧ ਪ | ਮ ਪ | ਗ ਮ | ਗ ਰੇ | ਸਾ - |
| ਉ ਨ ਕੇ | ਗੁ ਨ | ਨਿ ਤ | ਗਾ ਰੇ | ਮ ਨੁ | ਵਾ - |
| **ਤਾਨਾਂ** | | | | | |
| ਹ ਰੀ ਚ | ਰ ਨ (1) | ਗਮ ਪਮ | ਧਪ ਮਪ ਧਨੁੀ | ਧਪ ਮਪ | ਮਗ ਰੇਸਾ |
| ਹ ਰੀ(2) ਗਮ | ਪਮ ਗਮ | ਗਮ ਪਨੁੀ | ਧਪ ਧਨੁੀ ਧਮ | ਗਮ ਪਨੀ | ਧਪ ਮਗ |



Downloaded from https:// www.studiestoday.com

Downloaded from https:// www.studiestoday.com

## ਰਾਗ ਖਮਾਜ

ਕਵਨ ਸੰਜੋਗ ਮਿਲਉ ਪ੍ਰਭ ਅਪਨੇ।

ਪਲੁ ਪਲੁ ਨਿਮਖ ਸਦਾ ਹਰਿ ਜਪਨੇ।।

ਚਰਨ ਕਮਲ ਕੇ ਨਿਤ ਧਿਆਉ।।

ਕਵਨ ਸੁਮਤਿ ਜਿਤ ਪ੍ਰੀਤਮ ਪਾਖਉ।।ਰਹਾਉ

ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ।।

ਹਰਿ ਨਾਨਕ ਬਿਸਰੁ ਨ ਕਾਹੂ ਬੇਰੇ।।

**ਸਥਾਈ** **ਰਾਗ ਭੈਰਵੀ** (ਤਿੰਨ ਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਸਾਂ | ਨੀ | ਸਾਂ | ਨ਼ੀ | ਧ | ਮ | ਪ |
| | | | | | | | | ਕ | ਵ | ਨ | ਸੰ | ਜੋ | ऽ | ਗ | ਮਿ |
| ਨੀ | ਧ | ਮ | ਪ | ਧ | ਮ | ਗ | – | ਸਾ | ਸਾ | ਗ | ਗ | ਮ | ਪ | ਧ | ਨੀ |
| ਲਉ | ऽ | ਪ੍ਰ | ਭ | ਅ | ਪ | ਨੇ | ऽ | ਪ | ਲੁ | ਪ | ਲੁ | ਨਿ | ਮ | ਖ | ਸ |
| ਸਾਂ | – | ਨੀ | ਸਾਂ | ਨ਼ੀ | ਧ | ਮ | ਗ | | | | | | | | |
| ਦਾ | ऽ | ਹ | ਰਿ | ਜ | ਪ | ਨੇ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਮ | ਪ | ਧ | ਧ | ਨੀ | ਨੀ | ਸਾਂ | ਸਾਂ |
| | | | | | | | | ਚ | ਰ | ਨ | ਕ | ਮ | ਲ | ਪ੍ਰ | ਭ |
| ਸਾਂ | – | ਨੀ | ਸਾਂ | ਨ਼ੀਸਾਂ | ਰੇਂਸਾਂ | ਨੀ | ਧ | ਸਾਂ | ਸਾਂ | ਰੇਂ | ਗ | ਨ਼ੀ | ਧ | ਮ | ਪ |
| ਕੇ | ऽ | ਨਿ | 3 | ਧਿਆ | ऽऽ | ਵਉ | ऽ | ਕ | ਵ | ਨ | ਸੁ | ਮ | ਤਿ | ਜਿ | ਤੁ |
| ਨ਼ੀ | ਧ | ਮ | ਪ | ਧ | ਮ | ਗ | – | | | | | | | | |
| ਪ੍ਰੀ | ऽ | 3 | ਮ | ਪਾ | ਵਉ | ऽ | ऽ | | | | | | | | |

ਬਾਕੀ ਅੰਤਰੇ ਵੀ ਇਸ ਤਰ੍ਹਾਂ ਗਾਓ।

* * * * * *



Downloaded from https:// www.studiestoday.com

Downloaded from https:// www.studiestoday.com

# ਪਾਠ-10

# ਤਾਲਾਂ

## ਇੱਕ ਤਾਲ ਤੇ ਝਪ ਤਾਲ

**ਸਧਾਰਣ ਜਾਣ-ਪਛਾਣ** :- ਇਹ ਤਾਲ 12 ਮਾਤਰਾਵਾਂ ਦੀ ਤਾਲ ਹੈ। ਇਸ ਦੇ ਦੋ-ਦੋ ਮਾਤਰਾਵਾਂ ਦੇ ਛੇ ਭਾਗ ਹਨ। ਇਸ ਵਿਚ ਦੋ ਖਾਲੀ ਤੇ ਚਾਰ - ਭਰੀਆਂ ਮਾਤਰਾਵਾਂ ਹਨ। ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤਾਲੀ, ਦੂਸਰੀ ਤਾਲੀ, ਪੰਜਵੀਂ ਮਾਤਰਾ ਤੇ, ਤੀਸਰੀ ਤਾਲੀ ਨੌਵੀਂ ਮਾਤਰਾ ਤੇ ਅਤੇ ਚੌਥੀ ਤਾਲੀ ਗਿਆਰਵੀਂ ਮਾਤਰਾ ਤੇ ਹੁੰਦੀ ਹੈ। ਇਸ ਤਾਲ ਦੀ ਤੀਸਰੀ ਤੇ ਸੱਤਵੀਂ ਮਾਤਰਾ ਖਾਲੀ ਮੰਨਦੇ ਹਨ। ਇਹ ਤਾਲ ਭਜਨ, ਸ਼ਬਦ ਅਤੇ ਮੱਧ ਲੈਅ ਦੀਆਂ ਗਤਾਂ ਨਾਲ ਵਜਾਈ ਜਾਂਦੀ ਹੈ।

### ਇੱਕ ਤਾਲ

ਮੱਧ ਲੋਅ ਇੱਕ ਗੁਣ

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਬੋਲ | ਧਿੰ | ਧਿੰ | ਧਾਗੇ | ਤ੍ਰਿਕਣ | ਤੂ | ਨਾ | ਕੱਤ | ਤਾ | ਧਾਗੇ | ਤ੍ਰਿਕਟ | ਧਿੰ | ਨਾਂ |
| ਦੁਗਣ | ਧਿੰਧਿ | ਧਾਗੇ ਤ੍ਰਿਕਣ | ਤੂਨਾ | ਕੱਤਤਾ | ਧਾਗੇ ਤ੍ਰਿਕਣ | ਧਿੰਨਾਂ | ਧਿੰਧਿ | ਧਾਗੇ ਤ੍ਰਿਕਣ | ਤੂਨਾ | ਕਤੱਤਾ | ਧਾਗੇ ਤ੍ਰਿਕਣ | ਧਿੰਨਾ |
| ਚਿੰਨ | × | | 0 | | 2 | | 0 | | 3 | | 4 | |

### ਝਪ ਤਾਲ

**ਸਧਾਰਨ ਜਾਣ-ਪਛਾਣ** :- ਝਪ ਤਾਲ ਦੀਆਂ ਦਸ ਮਾਤਰਾਵਾਂ ਹੁੰਦੀਆਂ ਹਨ। ਇਸ ਦੇ ਚਾਰ ਵਿਭਾਗ ਹੁੰਦੇ ਹਨ ਜਿਸ ਵਿੱਚ ਪਹਿਲਾ ਅਤੇ ਤੀਸਰਾ ਵਿਭਾਗ ਦੋ -ਦੋ ਮਾਤਰਾਵਾਂ ਦਾ ਦੂਸਰਾ ਅਤੇ ਚੌਥਾ ਵਿਭਾਗ ਤਿੰਨ -ਤਿੰਨ ਮਾਤਰਾਵਾਂ ਦਾ ਹੁੰਦਾ ਹੈ ਇਸ ਤਾਲ ਦੇ ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤਾਲੀ ਤੀਸਰੀ ਮਾਤਰਾ ਤੇ ਦੂਸਰੀ ਤਾਲੀ ਅੱਠਵੀਂ ਮਾਤਰਾ ਤੇ ਤੀਸਰੀ ਤਾਲੀ



Downloaded from https:// www.studiestoday.com

Downloaded from https:// www.studiestoday.com

ਹੁੰਦੀ ਹੈ। ਇਸ ਤਾਲ ਦੀ ਛੇਵੀਂ ਮਾਤਰਾ ਖਾਲੀ ਮੰਨਦੇ ਹਾਂ। ਇਹ ਤਾਲ ਖਿਆਲ ਗੀਤ ਨਾਲ ਜਿਆਦਾ ਵਜਾਈ ਜਾਦੀ ਹੈ। ਇਸ ਦੀ ਝੂਮਦੀ ਹੋਈ ਚਾਲ ਦੇ ਕਾਰਨ ਇਸ ਤਾਲ ਦਾ ਨਾਮ ਝਪਤਾਲ ਪਿਆ ਹੈ। ਇਹ ਤਾਲ ਸਿੰਗਾਰ ਰਸ ਦੀ ਪਰਿਚਾਰਕ ਹੈ।

**ਝਪ ਤਾਲ**

**ਮੱਧ ਲੈਅ** **ਇੱਕ ਗੁਣ**

| ਮਾਤਰਾ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਬੋਲ | ਧਿੰ | ਨਾ | ਧਿੰ | ਧਿੰ | ਨਾ | ਤਿੰ | ਨਾ | ਧਿੰ | ਧਿੰ | ਨਾ |
| ਦੁਗੁਣ | ਧਿੰਨਾ | ਧਿੰਧਿ | ਨਾਤਿੰ | ਨਾਧਿੰ | ਧਿੰਨਾ | ਧਿੰਨਾ | ਧਿੰਧਿੰ | ਨਾਤਿ | ਨਾਧਿੰ | ਧਿੰਨਾ |
| ਚਿੰਨ | × | | 2 | | | 0 | | 3 | | |

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-11

# ਪਹਾੜੀ ਲੋਕ ਗੀਤ

**ਸਥਾਈ :** ਇਸ ਬੇ ਬਰੋਟੇ ਦੀਆਂ ਛਾਵਾਂ ਛਾਵਾਂ
ਇੱਕ ਪਲ ਬ੍ਹਈ ਜਾਣਾ ਬ੍ਹਈ ਜਾਣਾ ਹੋ
ਰਾਤੀਂ ਰਹੀ ਜਾਣਾ ਰਹੀ ਜਾਣਾ ਹੋ।

**ਅੰਤਰਾ** (1) ਹਰੀਪੁਰ ਨੂਰਪੁਰ ਠੰਡੀਆਂ ਨੇ ਛਾਵਾਂ
ਜਿੱਥੇ ਏ ਬਲੋਚਾਂ ਦਾ ਠਾਣਾ ਠਾਣਾ
ਪਲ ਭਰ ਬ੍ਹਈ ਜਾਣ ਬ੍ਹਈ ਜਾਣਾ ਹੋ।

**ਅੰਤਰਾ** (2) ਚਿੱਟੇ ਚਿੱਟੇ ਚੌਲ ਤੇ ਦੁਧ ਬੇ ਮ੍ਹਈਂ ਦਾ
ਏ ਹੈ ਬਲੋਚਾਂ ਦਾ ਖਾਣਾ ਖਾਣਾ
ਪਲ ਭਰ ਬ੍ਹਈ ਜਾਣਾ ਬ੍ਹਈ ਜਾਣਾ ਹੋ।

**ਅੰਤਰਾ** (3) ਸੱਦੀਂ ਵੇ ਸਿਪਾਹੀਆਂ ਪੁੱਛੀਂ ਵੇ ਰਾਜਿਆ
ਏ ਹੈਂ ਬਲੋਚਾਂ ਦਾ ਠਾਣਾ ਠਾਣਾ
ਪਲ ਭਰ ਬ੍ਹਈ ਜਾਣਾ ਬ੍ਹਈ ਜਾਣਾ ਹੋ।

**ਅੰਤਰਾ** (4) ਲੰਬੇ ਲੰਬੇ ਟੋਪੂ ਛੋਟੇ ਛੋਟੇ ਚੋਲੂ
ਏ ਹੈ ਬਲੋਚਾਂ ਦਾ ਲਾਣਾ ਜਾਣਾ
ਪਲ ਭਰ ਬ੍ਹਈ ਜਾਣਾ ਬ੍ਹਈ ਜਾਣਾ ਹੋ।



Downloaded from https:// www.studiestoday.com

Downloaded from https:// www.studiestoday.com

**ਸਥਾਈ** **ਸੁਰ ਲਿਪੀ** **ਤਾਲ ! ਦਾਦਰਾ**

| 1 | 2 | 3 | 4 | 5 | 6 |
|---|---|---|---|---|---|
| ਧਾਧਾ | ਧਾ | ਧਾ | ਧਾ | ਧਾ | ਧਾਪਾ |
| ਇਸ | ਬੇ | ਬ | ਰੋ | ਟੇ | ਦੀਆਂ |
| ਮਾਪਾ | ਪਾ | ਧਾਪਾ | ਮਾਰੇ | ਰੇਪਾ | ਮਾਮਾ |
| ਛਾਂਝ | ਵਾਂ | ਛਾਂਝ | ਵਾਂਝ | ਇਕ | ਪਲ |
| ਗਾਗਾ | ਸਾ | ਰੇ | ਸਾਧਾ | ਸਾ | ਰੇ |
| ਬ੍ਹਈ | ਜਾ | ਣਾ | ਬ੍ਹਈ | ਜਾ | ਣਾ |
| ਮਾ | – | – ਗਾ | ਰੇ | ਰੇਪਾ | ਮਾ |
| ਹੋ | ऽ | ऽऽ | – | ਰਾऽ | ਤੀਂ |
| ਗਾਗਾ | ਸਾ | ਰੇ | ਮਾਧ਼ਾ | ਸਾ | ਰੇ |
| ਰਹੀ | ਜਾ | ਣਾ | ਰਹੀ | ਜਾ | ਣਾ |
| ਮਾ | – | – | – | – | – |
| ਹੋ | ऽ | ऽ | ऽ | ऽ | ऽ |

ਅੰਤਰਾ (1)

| 1 | 2 | 3 | 4 | 5 | 6 |
|---|---|---|---|---|---|
| ਸਾਸਾਂ | ਸਾਂ | ਰੇਂ | ਸਾਂਸਾਂ | ਸਾਂ | ਸਾਂ |
| ਹਰੀ | ਪ – | ਰ | ਨੂਰ | ਪੁ | ਰ |
| ਸਾਧਾ | ਧਾ | ਮਾ | ਮਾਧਾ | ਮਾ | – |
| ਠੰਢੀ | ਆਂ | ਨੇ | ਛਾਂऽ | ਵਾਂ | ऽ |
| ਪਾਪਾ | ਪਾ | ਪਾ | ਪਾ | ਪਾ | ਪਾਮਾ |
| ਜਿੱਥੇ | ਏ | ਬ | ਲੋ | ਚਾਂ | ਦਾऽ |
| ਪਾਧਾ | ਧਾ | ਮਾ | ਰੇ | ਰੇਪਾ | ਮਾਮਾ |
| ਠਾऽ | ਣਾ | ਠਾ | ਣਾ | ਪਲ | ਭਰ |
| ਗਾਗਾ | ਸਾ | ਰੇ | ਪਾਧਾ | ਸਾ | ਰੇ |
| ਬ੍ਹਈ | ਜਾ | ਣਾ | ਬ੍ਹਈ | ਜਾ | ਣਾ |
| ਮਾ | – | –ਗੁਾ | ਰੇ | ਰੇਪਾ | ਮਾ |
| ਹੋ | ऽ | ऽऽ | ऽ | ਰਾऽ | ਤੀਂ |
| ਗਾਗਾ | ਸਾ | ਰੇ | ਧ਼ਾਧ਼ਾ | ਸਾ | ਰੇ |
| ਰਹੀ | ਜਾ | ਣਾ | ਰਹੀ | ਜਾ | ਣਾ |
| ਮਾ | – | – | – | – | – |
| ਹੋ | ऽ | ऽ | ऽ | ऽ | ऽ |

ਬਾਕੀ ਅੰਤਰੇ ਵੀ ਪਹਿਲੇ ਅੰਤਰੇ ਵਾਂਗ ਗਾਏ ਜਾਣ।



Downloaded from https:// www.studiestoday.com

Downloaded from https:// www.studiestoday.com

# ਪਾਠ-12

## ਛੇਵੀਂ, ਸਤਵੀਂ ਅਤੇ ਅੱਠਵੀਂ ਦੇ ਪਾਠ-ਕ੍ਰਮ ਦੀਆਂ ਸਭ ਤਾਲਾਂ ਦੀ ਦੁੱਗਣ

### ਤਾਲ ਦਾਦਰਾ ਦੁੱਗਣ

| 1 | 2 | 3 | 4 | 5 | 6 |
|---|---|---|---|---|---|
| ਧਾਧਿੰ | ਨਾਧਾ | ਤਿੰਨਾ | ਧਾਧਿ | ਨਾਧਾ | ਤਿੰਨਾ |
| × | | | 0 | | |

### ਤਾਲ ਕਹਿਰਵਾ ਦੁੱਗਣ

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਧਾਗੇ | ਨਾਤਿ | ਨਕੇ | ਧਿੰਨਾ | ਧਾਗੇ | ਨਾਤਿ | ਨਕੇ | ਧਿੰਨਾ |
| × | | | | 0 | | | |

### ਤਾਲ ਰੂਪਕ ਦੁੱਗਣ

| 1 | 2 | 3 | 4 | 5 | 6 | 7 |
|---|---|---|---|---|---|---|
| ਤਿੰਨਾ | ਨਾਧੀ | ਨਾਧੀ | ਨਾਤੀ | ਤਿੰਨਾ | ਧਿੰਨਾ | ਧਿੰਨਾ |
| × | | | 1 | | 2 | |

### ਝਪਤਾਲ ਦੁੱਗਣ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| ਧਿੰਨਾ | ਧਿੰਧਿੰ | ਨਾਤੀ | ਨਾਧੀ | ਧਿੰਨਾ | ਧਿੰਨਾ | ਧਿੰਧਿੰ | ਨਾਤੀ | ਨਾਧੀ | ਧਿੰਨਾ |
| × | | 2 | | | 0 | | 3 | | |



Downloaded from https:// www.studiestoday.com

Downloaded from https:// www.studiestoday.com

## ਇਕ ਤਾਲ ਦੁਗਣ

| 1 2 | 3 4 | 5 6 | 7 8 | 9 10 | 11 12 |
|---|---|---|---|---|---|
| ਧਿੰਧਿੰ ਧਾਗੇ ਤਿਰਕਟ | ਤੂਨਾ ਕੱਤਾ | ਧਾਗੇਤਿਰਕਟ ਧਿੰਨਾ | ਧਿੰਧਿੰ ਧਾਗੇਤਿਰਕਟ | ਤੂਨਾ ਕੱਤਾ | ਧਾਗੇਤਿਰਕਟ ਧਿੰਨਾ |
| × | 0 | 2 | 0 | 3 | 4 |

## ਤਿੰਨ ਤਾਲ ਦੁਗਣ

| 1 2 3 4 | 5 6 7 8 | 9 10 11 12 | 13 14 15 16 |
|---|---|---|---|
| ਧਾਧਿੰ ਧਿੰਧਾ ਧਾਧਿੰ ਧਿੰਧਾ | ਧਾਤਿੰ ਤਿੰਤਾ ਤਾਧਿੰ ਧਿੰਧਾ | ਧਾਧਿੰ ਧਿੰਧਾ ਧਾਧਿੰ ਧਿੰਧਾ | ਧਾਤਿੰ ਤਿੰਤਾ ਤਾਧਿੰ ਧਿੰਧਾ |
| × | 2 | 0 | 3 |

* * * * * *



Downloaded from https:// www.studiestoday.com

Downloaded from https:// www.studiestoday.com

# ਪਾਠ-13

# ਰਾਗਾਂ ਦਾ ਚਾਰਟ

| ਰਾਗ ਦਾ ਨਾਂ | ਥਾਟ | ਵਾਦੀ | ਸਮਵਾਦੀ | ਵਰਜਿਤਸੁਰ | ਆਰੋਹ | ਅਵਰੋਹ | ਪਕੜ | ਗਾਉਣ ਸਮਾਂ | ਜਾਣ-ਪਛਾਣ |
|---|---|---|---|---|---|---|---|---|---|
| ਭੂਪਾਲੀ | ਕਲਿਆਣ | ਗਾ | ਧਾ | ਮ, ਨੀ | ਸਾ ਰੇ ਗ ਪ ਧ ਸਾਂ | ਸਾਂ ਧਾ ਪਾ ਗਾ ਰੇ ਸਾ | ਸਾ ਰੇ, ਪਾ ਗਾ ਧਾ, ਪਾ ਗਾ ਰੇ ਧ਼ਾ ਸਾਂ। | ਰਾਤ ਦਾ ਪਹਿਲਾ ਪਹਿਰ | ਇਸ ਰਾਗ ਵਿਚ ਮ, ਨੀ ਸੁਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ-ਔੜਵ ਹੈ। |
| ਦੁਰਗਾ | ਬਿਲਾਵਲ | ਮਾ | ਸਾਂ | ਗਾ, ਨੀ | ਸਾ ਰੇ ਮਾ ਪਾ ਧਾ ਸਾ। | ਸਾਂ ਧਾ ਪਾ ਮਾ ਰੇ ਸਾ। | ਸਾ ਰੇ ਮਾ ਪਾ ਪਾ ਮਾ ਰੇ ਧਾ ਸਾ। | ਰਾਤ ਦਾ ਦੂਜਾ ਪਹਿਰ | ਇਸ ਰਾਗ ਵਿਚ ਗਾ, ਨੀ ਸਵਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔੜਵ -ਔੜਵ ਹੈ। |
| ਖਮਾਜ | ਖਮਾਜ | ਗਾ | ਨੀ | ਅਰੋਹ ਵਿਚ ਰੇ ਸੁਰ | ਸਾ ਗਾ ਮਾ ਪਾ ਧਾ ਨੀ ਸਾਂ | ਸਾਂ ਨ਼ੀ ਧਾ ਪਾ ਮਾ ਗਾ ਰੇ ਸਾ | ਨ਼ੀ ਧ ਮਾ ਪਾ ਧਾ ਮਾ ਗਾ | ਰਾਤ ਦਾ ਦੂਜਾ ਪਹਿਰ | ਇਸ ਰਾਗ ਵਿਚ ਅਰੋਹ ਵਿਚ ਰੇ ਸਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਸਾੜਵ ਸੰਪੂਰਨ ਹੈ। ਇਸ ਦੀ ਅਵਰੋਹੀ ਵਿਚ ਨ਼ੀ ਸਵਰ ਕੋਮਲ ਲੱਗਦਾ ਹੈ। |



Downloaded from https:// www.studiestoday.com

Downloaded from https:// www.studiestoday.com

| ਰਾਗ ਦਾ ਨਾਂ | ਥਾਟ | ਵਾਦੀ | ਸਮਵਾਦੀ | ਵਰਜਿਤਸੁਰ | ਅਰੋਹ | ਅਵਰੋਹ | ਪਕੜ | ਗਾਉਣ ਸਮਾਂ | ਜਾਣ-ਪਛਾਣ |
|---|---|---|---|---|---|---|---|---|---|
| ਭੈਰਵੀ | ਭੈਰਵੀ | ਮਾ | ਸਾ | – | ਸਾ ਰੁੇ ਗੁਾ ਮਾ ਪਾ ਧੁਾ ਨੁੀ ਸਾਂ | ਸਾਂ ਨੁੀ ਧੁਾ ਪਾ ਮਾ ਗਾ ਰੁੇ ਸਾ | ਮਾ ਗੁਾ ਰੁੇ ਗੁਾ ਸਾ ਰੁੇ ਸਾ ਧੁਾ ਨੁੀ ਸਾ | ਸਵੇਰ ਦਾ | ਇਸ ਰਾਗ ਵਿਚ ਰੁੇ ਗੁ ਧੁ ਨੁੀ ਸਵਰ ਕੋਮਲ ਲੱਗਦੇ ਹਨ ਤੇ ਸਾਰੇ ਸਵਰ ਲੱਗਦੇ ਹਨ ਇਸ ਲਈ ਇਸ ਰਾਗ ਦੀ ਜਾਤੀ ਸੰਪੂਰਨ–ਸੰਪੂਰਨ ਹੈ। |

* * * * * *



Downloaded from https:// www.studiestoday.com

Downloaded from https:// www.studiestoday.com

## ਪਾਠ-14

# ਪੰਜਾਬੀ ਲੋਕ ਗੀਤ

## (ਸ਼ਹੀਦ ਭਗਤ ਸਿੰਘ ਦੀ ਘੋੜੀ)

ਆਵੋ ਨੀ ਭੈਣੋਂ ਰਲ ਗਾਵੀਏ ਘੋੜੀਆਂ ,
ਜੰਜ ਤੇ ਹੋਈ ਏ ਤਿਆਰ ਵੇ ਹਾਂ ।
ਮੌਤ ਕੁੜੀ ਨੂੰ ਪਰਨਾਵਣ ਚੱਲਿਆ ,
ਦੇਸ਼ ਭਗਤ ਸਰਦਾਰ ਵੇ ਹਾਂ।

ਫਾਂਸੀ ਦੇ ਤਖਤੇ ਵਾਲਾ ਖਾਰਾ ਬਣ ਕੇ ,
ਬੈਠਾ ਤੂੰ ਚੌਕੜੀ ਮਾਰ ਵੇ ਹਾਂ ।
ਫਾਂਸੀ ਦੀ ਟੋਪੀ ਵਾਲਾ ਸੇਹਰਾ ਬਣਾ ਕੇ
ਸੇਹਰਾ ਤੂੰ ਬੱਧਾ ਝਾਲਰਦਾਰ ਵੇ ਹਾਂ।

ਜੰਡੀ ਤੇ ਵੱਢੀ ਲਾੜੇ ਜੋਰ ਜੁਲਮ ਦੀ ,
ਸਬਰ ਦੀ ਮਾਰ ਤਲਵਾਰ ਵੇ ਹਾਂ।
ਰਾਜ ਗੁਰੂ ਤੇ ਸੁਖਦੇਵ ਸਰਬ੍ਹਾਲੇ,
ਚੜਿਆ ਤੇ ਤੂੰ ਵੀ ਵਿਚਕਾਰ ਵੇ ਹਾਂ।



Downloaded from https:// www.studiestoday.com

Downloaded from https:// www.studiestoday.com

ਵਾਂਗ ਫੜਾਈ ਤੈਥੋਂ ਭੈਣਾਂ ਨੇ ਲੈਣੀ ,
ਭੈਣਾ ਦਾ ਰਖਿਆ ਉਧਾਰ ਵੇ ਹਾਂ ।
ਹਰੀ ਕ੍ਰਿਸ਼ਣ ਤੇਰਾ ਬਣਿਆ ਵੇ ਸਾਂਢੂ।
ਢੁੱਕੇ ਤੇ ਤੁਸੀਂ ਇੱਕੋ ਵਾਰ ਵੇ ਹਾਂ।

ਪੈਂਤੀ ਕਰੋੜ ਤੇਰੇ ਜਾਂਜੀ ਵੇ ਲਾੜਿਆ,
ਪੈਦਲ ਤੇ ਕਈ ਅਸਵਾਰ ਵੇ ਹਾਂ।
ਕਾਲੀਆਂ ਪੋਸ਼ਾਕਾਂ ਪਾ ਕੇ ਜੰਞ ਜੇ ਤੁਰ ਪਈ
ਕਾਯਰ ਵੀ ਹੋਇਆ ਤਿਆਰ ਵੇ ਹਾਂ।
ਸੁਰ ਲਿਪੀ ਕਹਿਰਵਾ ਦੁਰਾ

| 1 | 2 | 3 | 4 | 5 | 6 | 7 | 8 |
|---|---|---|---|---|---|---|---|
| – | ਸਾ | ਰੇ | ਮ | ਮਗ | ਰੇਗ | ਰੇਸਾ | ਸ |
| ઽ | ਆ | ਵੋ | ਨੀ | ਭੈઽ | ਣੋઽ | ਰੁઽ | ਲ |
| – | ਰੇਗਾ | ਰੇ | ਸਾ | ਰੇ | ਰੇ | ਰੇ | – |
| – | ਗਾઽ | ਵੀ | ਏ | ਘੋ | ੜੀ | ਆਂ | ઽ |
| – | ਸ | ਰੇ | ਮ | ਮਗ | ਰੇਗ | ਰੇਸ | ਸ |
| – | ਜੰ | ਜ | ਤੇ | ਹੋઽ | ਈઽ | ਏઽ | ਤਿઽ |
| – | ਰੇਗ | ਰੇ | ਸ | ਸ | – | – | – |
| – | ਆઽ | ਰ | ਵੇ | ਹਾਂ | | | |

ਨੋਟ : ਬਾਕੀ ਸਾਰਾ ਗੀਤ ਵੀ ਇਸ ਤਰ੍ਹਾਂ ਗਾਇਆ ਜਾਵੇ।

* * * * * *



Downloaded from https:// www.studiestoday.com